

# ਸ਼ੁੱਧ ਗੁਰਬਾਣੀ ਉਚਾਰਨ ਦਾ ਸਰਲ ਤਰੀਕਾ



ਜਸਵੰਤ ਸਿੰਘ ਗਰੇਵਾਲ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ॥

# ਸ਼ੁੱਧ ਗੁਰਬਾਣੀ ਉਚਾਰਨ ਦਾ ਸਰਲ ਤਰੀਕਾ

ਜਸਵੰਤ ਸਿੰਘ ਗਰੇਵਾਲ

ESTD. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

# Shudh Gurbani Uccharan Da Saral Tareeka

**By Jaswant Singh Grewal**


ਪਹਿਲੀ ਵਾਰ-2006
ਦੂਜੀ ਵਾਰ-2013

ਮੁੱਲ : 90/-
5 ਡਾਲਰ

ਪ੍ਰਕਾਸ਼ਕ : **ਲਾਹੌਰ ਬੁੱਕ ਸ਼ਾਪ,** 2 ਲਾਜਪਤ ਰਾਏ ਮਾਰਕਿਟ
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ
ਫੋਨ : 0161-2740738, 6540738
E-mail : lahorebookshop40@rediffmail.com
Website : www.lahorepublishers.com
Printed in India

ਲੇਜ਼ਰ ਸੈਟਿੰਗ ਲਿਟਲ ਗ੍ਰਾਫਿਕਸ, ਜਲੰਧਰ

ਛਾਪਕ ਆਰ.ਕੇ.ਆਫਸੈਟ, ਦਿੱਲੀ

# ਤਤਕਰਾ


| | | ਪੰਨਾ |
|---|---|---|
| | ਮੁੱਖ ਬੰਦ | 5 |
| | ਧੰਨਵਾਦ | 6 |
| | ਦੋ ਸ਼ਬਦ | 7 |
| 1. | ਗੁਰਬਾਣੀ ਉਚਾਰਨ ਬਾਰੇ ਵਿਚਾਰ | 9 |
| 2. | ਸਹੀ ਉਚਾਰਨ ਦਾ ਭਾਵ | 10 |
| 3. | ਨਿਤਨੇਮ ਵਿੱਚ ਉਚਾਰਨ ਦੀਆਂ ਅਸ਼ੁੱਧੀਆਂ | 10 |
| 4. | ਸ਼ੁੱਧ ਵਿਸਰਾਮ ਦੀ ਵਨਗੀ | 10 |
| 5. | ਲਿਖੇ ਅਨੁਸਾਰ ਉਚਾਰਨ ਬਾਰੇ | 11 |
| 6. | ਬਿੰਦੀ ਤੇ ਅੱਧਕ ਦੀ ਵਰਤੋਂ ਬਾਰੇ | 11 |
| 7. | ਦੋ ਮਾਤ੍ਰਾਂ ਵਾਲੇ ਸ਼ਬਦ | 11 |
| 8. | ਪੈਰਾਂ ਵਿੱਚ ਲਗੇ ਹੋਏ ਚਿੰਨ੍ਹਾਂ ਵਾਲੇ ਅੱਖਰ | 12 |
| 9. | ਹਾਹਾ ਪੈਰ ਚਿੰਨ੍ਹ (੍ਹ) ਦਾ ਉਚਾਰਨ | 12 |
| 10. | ਹਾਹੇ ਦੀ ਵਰਤੋਂ ਵਾਲੇ ਸ਼ਬਦਾਂ ਦੇ ਕੁਝ ਹੋਰ ਸ਼ੁੱਧ ਉਚਾਰਨ | 13 |
| 11. | ਵਿਸਰਗਾਂ (ਃ) (:) ਦਾ ਉਚਾਰਨ | 13 |
| 12. | ਉਦਾਤ ਚਿੰਨ੍ਹ ਹਲੰਤ ( ੍ ) ਦਾ ਉਚਾਰਨ | 13 |
| 13. | ਯਕਸ਼ ਚਿੰਨ੍ਹ ( ꠴ ) ਦਾ ਉਚਾਰਨ | 14 |
| 14. | ਪੈਰਾਂ ਵਿੱਚ ਲੱਗੇ (੍ਗ) (੍ਚ) (੍ਟ) (੍ਤ) (੍ਨ) (੍ਵ) ਦਾ ਉਚਾਰਨ | 15 |
| 15. | ਪੈਰਾਂ ਵਿੱਚ ਲੱਗੇ ਰਾਰੇ (੍ਰ) ਚਿੰਨ੍ਹ ਦਾ ਉਚਾਰਨ | 16 |
| 16. | ਜੇ ਅੰਤਲਾ ਅੱਖਰ (ਅ) ਮੁਕਤਾ ਹੋਵੇ ਤਾਂ ਉਚਾਰਨ | 16 |
| 17. | 'ਯ' ਅੱਖਰਾਂ ਵਾਲੇ ਸ਼ਬਦਾਂ ਦਾ ਉਚਾਰਨ, ਜੋ ਆਪਣੀ ਧੁਨੀ ਬਦਲ ਚੁੱਕੇ ਹਨ | 17 |

18. ਗੁਰਬਾਣੀ ਵਿੱਚ 'ਯ' ਵਿਅੰਜਨ ਅਸਲ ਧੁਨੀ ਵਿੱਚ 17
19. ਸੁਰ 'ਯ' ਤਿੰਨ ਰੂਪਾਂ ਵਿੱਚ 18
20. ਅੱਗੇ ਦਿੱਤੇ ਗਏ ਔਖੇ ਉਚਾਰਨਾਂ ਦਾ ਢੰਗ ਤਰੀਕਾ 18
21. ਔਖੇ ਅੱਖਰਾਂ ਵਾਲੇ ਸ਼ਬਦ ਦਾ ਉਚਾਰਨ ਸ਼ੁਰੂ ਹੈ 20
22. ਸਲੋਕ ਸਹਸਕ੍ਰਿਤੀ ਸ਼ੁਰੂ 31
23. ਗਾਥਾ ਸ਼ੁਰੂ 44
24. ਭੱਟਾਂ ਦੀ ਬਾਣੀ ਸ਼ੁਰੂ 47
25. ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ (1) 48
26. ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ (2) 49
37. ਸਵਈਏ ਮਹਲੇ ਪੈਹਿਲੇ ਕੇ ੧ 50
38. ਸਵਈਏ ਮਹਲੇ ਦੂਜੇ ਕੇ ੨ 51
29. ਸਵਈਏ ਮਹਲੇ ਤੀਜੇ ਕੇ ੩ 52
30. ਸਵਈਏ ਮਹਲੇ ਚੌਥੇ ਕੇ ੪ 56
31. ਸਵਈਏ ਮਹਲੇ ਪੰਜਵੇਂ ਕੇ ੫ 66
32. ਬੇਨਤੀ 72

# ਮੁੱਖ ਬੰਦ

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਵਿੱਚ, ਪ੍ਰਮਾਰਥ ਦਾ ਇਕ ਅਦੁੱਤੀ ਖ਼ਜ਼ਾਨਾ ਭਰਿਆ ਪਿਆ ਹੈ। ਪ੍ਰਮਾਰਥ ਪਾਂਧੀਆਂ ਅਤੇ ਆਮ ਮਨੁੱਖ੍ਹਾਂ ਵਾਸਤੇ, ਸੰਸਾਰ ਵਿੱਚ ਇਸ ਦਾ ਕੋਈ ਸਾਨੀ ਨਹੀਂ ਹੈ। ਇਹ ਇਕੋ ਇਕ ਐਸਾ ਗ੍ਰੰਥ ਹੈ, ਜੋ ਜਾਤ-ਪਾਤ ਅਤੇ ਧਰਮ ਤੋਂ ਉੱਪਰ ਉੱਠ ਕੇ, ਸਾਰੇ ਸੰਸਾਰਿਕ ਜੀਵਾਂ ਨੂੰ ਇਕੋ ਪ੍ਰਭੂ ਦਾ ਉਪਦੇਸ਼ ਦਿੰਦਾ ਹੈ। ਇਹ ਗੁਰਬਾਣੀ, ਪੰਜ ਸੌ ਸਾਲ ਤੋਂ ਵੀ ਪਹਿਲਾਂ ਉਚਾਰੀ ਗਈ ਸੀ। ਉਸ ਸਮੇਂ ਦੀ ਉਚਾਰੀ ਹੋਈ ਗੁਰਬਾਣੀ ਅਤੇ ਅੱਜ ਕੱਲ੍ਹ ਦੀ ਪੰਜਾਬੀ ਵਿੱਚ ਬਹੁਤ ਅੰਤਰ ਹੈ। ਗੁਰਬਾਣੀ ਕਈ ਬੋਲੀਆਂ ਦਾ ਮਿਸ਼ਰਣ ਹੈ। ਬਗ਼ੈਰ ਵਿਆਕਰਣ ਗਿਆਨ ਦੇ ਸ਼ੁੱਧ ਉਚਾਰਨ ਕਰਨਾ ਕਠਨ ਹੈ। ਖ਼ਾਸ ਕਰਕੇ ਸਹਸਕ੍ਰਿਤੀ ਸਲੋਕ ਅਤੇ ਭੱਟਾਂ ਦੇ ਸਵੱਈਏ ਕਠਨ ਬਾਣੀਆਂ ਹਨ। ਇਨ੍ਹਾਂ ਬਾਣੀਆਂ ਦਾ ਪਾਠ ਕਰਨਾ ਚੰਗੇ ਪਾਠੀਆਂ ਨੂੰ ਵੀ ਕਠਨ ਲੱਗਦਾ ਹੈ।

ਇਸ ਹੱਥਲੀ ਪੁਸਤਕ ਦੇ ਕਰਤਾ ਜਸਵੰਤ ਸਿੰਘ ਦਾ ਉਪਰਾਲਾ ਸ਼ਲਾਘਾਯੋਗ ਹੈ। ਇਸ ਪੁਸਤਕ ਵਿੱਚ, ਨਵੇਂ ਪਾਠੀਆਂ ਅਤੇ ਸਿਖਿਆਰਥੀਆਂ ਦੀ ਸਹੂਲਤ ਲਈ ਚੋਣਵੇਂ ਕਠਨ ਅੱਖਰਾਂ ਵਾਲੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖਿਆ ਹੋਇਆ ਹੈ। ਖ਼ਾਸ ਇਹ ਹੈ ਕਿ ਪਹਿਲੇ ਪੰਨੇ ਤੋਂ ਲੈ ਕੇ ੧੪੩੦ ਪੰਨੇ ਤਕ, ਪੰਨੇ ਵਾਰ ਕਠਨ ਸ਼ਬਦਾਂ ਦਾ ਉਚਾਰਨ ਦਿੱਤਾ ਗਿਆ ਹੈ। ਮੇਰੇ ਖ਼ਿਆਲ ਵਿੱਚ ਸ਼ਾਇਦ ਇਸ ਤਰ੍ਹਾਂ ਦੀ ਇਹ ਪਹਿਲੀ ਪੁਸਤਕ ਹੋਵੇਗੀ। ਆਸ ਕਰਦਾ ਹਾਂ, ਸਿੱਖ ਸੰਗਤਾਂ ਇਸ ਤੋਂ ਪੂਰਨ ਲਾਹਾ ਲੈਣਗੀਆਂ।

ਪ੍ਰਿੰਸੀਪਲ ਆਰ.ਐਸ. ਗਰੇਵਾਲ
ਜੀ.ਜੀ. ਐਨ ਪਬਲਿਕ ਸਕੂਲ
ਲੁਧਿਆਣਾ।

# ਧੰਨਵਾਦ

ਮੈਂ ਉਹਨਾਂ ਸਾਰੇ ਵੀਰਾਂ ਅਤੇ ਬੀਬੀਆਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਪੁਸਤਕ ਲਿਖਣ ਵਿੱਚ ਮੇਰੀ ਮਦਦ ਕੀਤੀ ਹੈ। ਸਭ ਤੋਂ ਪਹਿਲਾਂ ਮੈਂ ਸ੍ਰ: ਹਾਕਮ ਸਿੰਘ ਜੋਹਲ, ਸ੍ਰ: ਸੁੱਚਾ ਸਿੰਘ ਕਾਹਲੋਂ, ਸ੍ਰ: ਮੇਵਾ ਸਿੰਘ ਸਿੱਧੂ, ਸ੍ਰ: ਤਰਸੇਮ ਸਿੰਘ ਚੀਮਾ, ਸ੍ਰ: ਸੁਰਿੰਦਰ ਸਿੰਘ ਸ਼ਾਗਰ, ਸ੍ਰ: ਗੁਰਮੁਖ ਸਿੰਘ ਸਰੋਏ, ਬੀਬੀ ਵਰਿੰਦਰ ਕੌਰ ਘੁੰਮਣ ਅਤੇ ਹੋਰ ਬਹੁਤ ਸਾਰੇ ਗੁਰਸਿੱਖਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਤਰ੍ਹਾਂ ਦੀ ਪੁਸਤਕ ਲਿਖਣ ਦੀ ਪ੍ਰੇਰਨਾ ਕੀਤੀ ਸੀ। ਮੈਂ ਪ੍ਰਿੰਸੀਪਲ ਆਰ.ਐਸ. ਗਰੇਵਾਲ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੁੱਖ ਬੰਦ ਲਿਖਿਆ ਹੈ। ਬੀਬੀ ਮਨਜਿੰਦਰ ਕੌਰ M.A. B.Ed. ਰਜਿੰਦਰ ਕੌਰ M.Sc. M.A. B.Ed., ਅਮਨਦੀਪ ਕੌਰ B.A. ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਲਿਖਤ ਦੀ ਸੁਧਾਈ ਕੀਤੀ ਹੈ। ਅੰਤ ਵਿੱਚ ਮੈਂ ਆਪਣੀ ਸੁਪਤਨੀ ਸਰਬਜੀਤ ਕੌਰ ਦਾ ਵੀ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਲਿਖਤ ਵਿੱਚ ਮੇਰੀ ਮਦਦ ਅਤੇ ਹੌਸਲਾ ਅਫ਼ਜ਼ਾਈ ਕੀਤੀ ਹੈ। ਸਾਰਿਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

**ਜਸਵੰਤ ਸਿੰਘ ਗਰੇਵਾਲ**

ੴ ਸਤਿਗੁਰ ਪ੍ਰਸਾਦਿ॥

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਹ ਆਤਮਿਕ ਖ਼ਜ਼ਾਨਾ ਹੈ, ਜੋ ਜਿੰਨਾ ਵਾਚੀਏ ਉੱਨਾ ਹੀ ਵੱਧਦਾ ਜਾਂਦਾ ਹੈ। ਇਹ ਗੁਰਬਾਣੀ ਉਹਨਾਂ ਅਨੁਭਵੀ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਦੀ ਰਸਨਾ ਦੁਆਰਾ ਕੱਲਜੁੱਗੀ ਜੀਵਾਂ ਦੇ ਕਲਿਆਣ ਹਿੱਤ ਉਚਾਰੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਕਲਨਾ ਸੰਮਤ ੧੬੬੧ ਵਿੱਚ, ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਸਾਹਿਬਾਨ ਅਤੇ ਅਨੁਭਵੀ ਭਗਤਾਂ ਦੀ ਰਚੀ ਹੋਈ ਕਲਿਆਣਕਾਰੀ ਬਾਣੀ ਇਕੱਤਰ ਕਰਕੇ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਸ਼ੱਕ ਗੁਰਮੁਖੀ ਲਿੱਪੀ ਵਿੱਚ ਲਿਖੇ ਹੋਏ ਹਨ। ਪਰ ਇਸ ਵਿੱਚ ਵਰਤੀ ਗਈ ਭਾਸ਼ਾ, ਪੰਜਾਬੀ ਦੇ ਨਾਲ-ਨਾਲ ਹਿੰਦੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਫ਼ਾਰਸੀ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਜਿਸ ਸਮੇਂ ਗੁਰਬਾਣੀ ਉਚਾਰੀ ਗਈ ਸੀ, ਉਸ ਸਮੇਂ ਦੀ ਪੰਜਾਬੀ ਵਿੱਚ ਅਤੇ ਅਜੋਕੀ ਪੰਜਾਬੀ ਵਿੱਚ ਵੀ ਅੰਤਰ ਹੈ। ਇਸ ਕਰਕੇ ਗੁਰਬਾਣੀ ਪੜ੍ਹਨੀ ਕਠਨ (ਔਖੀ) ਲੱਗਦੀ ਹੈ।

ਅੱਜਕੱਲ੍ਹ ਪਦ ਛੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣ ਕਰਕੇ, ਗੁਰਸਿੱਖ ਸੰਗਤਾਂ ਆਮ ਪਾਠ ਕਰਨ ਲੱਗ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸਾਰੇ ਐਸੇ ਸ਼ਬਦ ਹਨ, ਜਿਨ੍ਹਾਂ ਦੇ ਉਚਾਰਨ ਵਿੱਚ ਮੁਸ਼ਕਿਲ ਆਉਂਦੀ ਹੈ। ਇਹਨਾਂ ਸ਼ਬਦਾਂ ਦੇ ਸ਼ੁੱਧ ਉਚਾਰਨ ਹਿੱਤ ਇਸ ਕਿਤਾਬ ਰਾਹੀਂ ਤੁਛ ਜਿਹਾ ਉਪਰਾਲਾ ਕੀਤਾ ਗਿਆ ਹੈ। ਕਈ ਸੰਗਤਾਂ ਦੀ ਮੰਗ ਸੀ ਕਿ ਕਠਨ ਸ਼ਬਦਾਂ ਦੇ ਗੁਰਬਾਣੀ ਉਚਾਰਨ ਦੀ ਇਕ ਕਿਤਾਬ ਬਣਾਈ ਜਾਏ। ਇਸ ਕਿਤਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪੰਨੇ ਤੋਂ ਲੈ ਕੇ ਆਖ਼ੀਰ ਤਕ, ਇਕੱਲੇ-ਇਕੱਲੇ ਪੰਨੇ ਦੇ ਔਖੇ ਉਚਾਰਨ ਵਾਲੇ ਸ਼ਬਦ ਲਿਖੇ ਜਾਣ। ਉਹਨਾਂ ਸ਼ਬਦਾਂ ਦੇ ਉਚਾਰਨ ਦਾ ਢੰਗ ਅਤੇ ਉਸ ਦੇ ਅਰਥ ਵੀ ਦਿੱਤੇ ਜਾਣ। ਅਰਥਾਂ ਦੇ ਨਾਲ ਉਚਾਰਨ ਦੀ ਸਮਝ ਚੰਗੀ ਤਰ੍ਹਾਂ ਲੱਗ ਜਾਏਗੀ।

ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਇਹ ਉਪਰਾਲਾ ਕੀਤਾ ਗਿਆ ਹੈ।

ਗੁਰਬਾਣੀ ਉਚਾਰਨ ਦੀਆਂ ਬਹੁਤ ਕਿਤਾਬਾਂ ਮਿਲ ਜਾਂਦੀਆਂ ਹਨ। ਜੋ ਬਹੁਤ ਕਰਕੇ ਵਿਆਕਰਨ ਦੇ ਵਿਸ਼ੇ ਅਨੁਸਾਰ ਲਿਖੀਆਂ ਗਈਆਂ ਹਨ। ਵਿਆਕਰਣ ਦਾ ਵਿਸ਼ਾ ਘੱਟ ਪੜ੍ਹੇ ਨੂੰ ਸਮਝਣਾ ਔਖਾ ਹੈ।

ਜੋ ਪਾਠੀ ਗੁਰਬਾਣੀ ਦਾ ਪਾਠ ਕਰਨਾ, ਵਿਦਵਾਨਾਂ ਕੋਲੋਂ ਸਿੱਖਿਆ ਲੈ ਕੇ ਸਿੱਖੇ ਹਨ, ਉਹਨਾਂ ਨੂੰ ਤਾਂ ਕੋਈ ਅੜਚਨ ਨਹੀਂ ਆਉਂਦੀ। ਜੋ ਮਿਸ਼ਨਰੀਆਂ ਜਾਂ ਟਕਸਾਲਾਂ ਵਿੱਚੋਂ ਪਾਠ ਕਰਨਾ ਸਿੱਖੇ ਹਨ, ਉਹ ਵੀ ਸ਼ੁੱਧ ਪਾਠ ਕਰ ਲੈਂਦੇ ਹਨ। ਇਹ ਗੁਰਬਾਣੀ ਉਚਾਰਨ ਦੀ ਕਿਤਾਬ ਜ਼ਿਆਦਾ ਉਹਨਾਂ ਪਾਠੀਆਂ ਦੀ ਸਹਾਇਤਾ ਕਰੇਗੀ, ਜੋ ਸਕੂਲਾਂ ਦੀ ਪੜ੍ਹਾਈ ਕਰਕੇ, ਪਦ ਛੇਦ ਸਰੂਪਾਂ ਤੇ ਪਾਠ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦੇ ਸ਼ੌਕ ਅਤੇ ਉਤਸ਼ਾਹ ਦੀ ਸ਼ਲਾਘਾ ਕਰਦੇ ਹਾਂ। ਅੱਜਕੱਲ੍ਹ ਦੀ ਪੰਜਾਬੀ ਅਤੇ ਪੁਰਾਤਨ ਪੰਜਾਬੀ ਜਾਂ ਗੁਰਬਾਣੀ, ਜੋ ਗੁਰਮੁਖੀ ਲਿੱਪੀ ਵਿੱਚ ਲਿਖੀ ਹੋਈ ਹੈ, ਉਸ ਵਿੱਚ ਬਹੁਤ ਅੰਤਰ ਹੈ। ਇਸ ਕਰਕੇ ਇਹ ਕਿਤਾਬ ਉਹਨਾਂ ਵਾਸਤੇ ਬਹੁਤ ਸਹਾਈ ਹੋਵੇਗੀ, ਜੋ ਸਕੂਲਾਂ ਦੀ ਪੜ੍ਹਾਈ ਕਰਕੇ ਪਾਠ ਕਰਨ ਲੱਗ ਜਾਂਦੇ ਹਨ।

ਇਸ ਕਿਤਾਬ ਵਿੱਚ ਵਾਰੀ-ਵਾਰੀ ਹਰ ਇਕ ਪੰਨੇ ਦੇ ਹਿਸਾਬ ਨਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ, ਫਿਰ ਜਿਸ ਸ਼ਬਦ ਜਾਂ ਸ਼ਲੋਕ ਜਾਂ ਪੌੜੀ ਵਿੱਚੋਂ ਉਹ ਔਖਾ ਸ਼ਬਦ ਲਿਆ ਗਿਆ ਹੈ, ਉਸ ਦਾ ਅੰਕ ਨੰਬਰ ਦਿੱਤਾ ਗਿਆ ਹੈ, ਫ਼ਿਰ ਗੁਰਬਾਣੀ ਸ਼ਬਦ, ਫ਼ਿਰ ਉਸ ਸ਼ਬਦ ਦਾ ਉਚਾਰਨ, ਫ਼ਿਰ ਉਸ ਸ਼ਬਦ ਦੇ ਅਰਥ ਦਿੱਤੇ ਗਏ ਹਨ। ਉਸ ਤੋਂ ਪਿੱਛੋਂ ਪੂਰੀ ਤੁਕ ਵਿੱਚੋਂ ਸਿਰਫ਼ ਤੁਕ ਦਾ ਮੁਖੜਾ ਹੀ ਲਿਖਿਆ ਹੈ, ਜਿਸ ਵਿੱਚ ਉਹ ਸ਼ਬਦ ਆਇਆ ਹੈ। ਨਾਲ ਹੀ ਤੁਕ ਦੇ ਭਾਵ ਅਰਥ ਜਾਂ ਸਿਰਫ਼ ਮੁਖੜੇ ਦੇ ਅਰਥ ਦਿੱਤੇ ਗਏ ਹਨ। ਇਸ ਤਰ੍ਹਾਂ ਕਰਨ ਨਾਲ ਕਠਨ ਸ਼ਬਦਾਂ ਦੇ ਉਚਾਰਨ ਵਿੱਚ ਅਤੇ ਸਮਝਣ ਵਿੱਚ ਮਦਦ ਮਿਲਦੀ ਹੈ। ਪਾਠੀਆਂ ਨੂੰ ਇਹ ਵੀ ਸਹੂਲਤ ਹੋਵੇਗੀ, ਕਿ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਦਾ ਉਹ ਪਾਠ ਕਰ ਰਹੇ ਹਨ, ਉਹੋ ਹੀ ਪੰਨਾ ਕਿਤਾਬ ਵਿੱਚੋਂ ਕੱਢ ਕੇ ਕੋਲ ਰੱਖ ਸਕਦੇ ਹਨ। ਉਸ ਪੰਨੇ ਤੇ ਸਾਰੇ ਔਖੇ ਸ਼ਬਦਾਂ ਦਾ ਉਚਾਰਨ ਦਿੱਤਾ ਗਿਆ ਹੈ। ਨਾਲ ਹੀ ਸ਼ਬਦ ਦੇ ਅਰਥ ਅਤੇ ਤੁਕ ਦੇ ਭਾਵ ਅਰਥ ਉਸ ਪੰਨੇ ਉੱਤੇ ਦੇਖ ਸਕਦੇ ਹਨ। ਆਸ ਕਰਦੇ ਹਾਂ, ਨਵੇਂ ਪਾਠੀ, ਇਸ ਤੋਂ ਲਾਹਾ ਲੈਣਗੇ।

ਦਾਸ

**ਜਸਵੰਤ ਸਿੰਘ ਗਰੇਵਾਲ**

ੴ ਸਤਿਗੁਰ ਪ੍ਰਸਾਦਿ॥

# 1. ਗੁਰਬਾਣੀ ਉਚਾਰਨ ਬਾਰੇ ਵਿਚਾਰ

ਗੁਰਬਾਣੀ ਆਤਮਿਕ ਗਿਆਨ ਦਾ ਅਮੁੱਲ ਭੰਡਾਰ ਹੈ। ਬਾਣੀ ਦੀ ਮਹੱਤਤਾ ਬਹੁਪੱਖੀ ਹੈ। ਗੁਰਬਾਣੀ ਉਪਦੇਸ਼ ਰੂਪ ਹੈ, ਪ੍ਰਕਾਸ਼ ਰੂਪ ਹੈ, ਮੰਤ੍ਰ ਰੂਪ ਹੈ ਅਤੇ ਇਸ ਤੋਂ ਉਪਰ ਬਾਣੀ ਗੁਰੂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੁੰਦੇ ਹੀ ਗੁਰੂ ਥਾਪ ਦਿੱਤਾ ਸੀ। ਸਾਰੀਆਂ ਸੰਗਤਾਂ ਨੂੰ ਹੁਕਮ ਦਿੱਤਾ ਸੀ, ਅੱਜ ਤੋਂ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹੋਣਗੇ। ਇਹ ਵੀ ਹੁਕਮ ਦਿੱਤਾ ਸੀ, ਜੋ ਸਾਡੇ ਦਰਸ਼ਨ ਕਰਨਾ ਚਾਹੇ, ਉਸ ਨੂੰ ਗੁਰਬਾਣੀ ਵਿੱਚੋਂ ਸਾਡੇ ਦਰਸ਼ਨ ਹੋਣਗੇ।

ਇਸ ਲਈ ਸਾਨੂੰ ਗੁਰੂ ਦੇ ਦਰਸ਼ਨ ਕਰਨ ਵਾਸਤੇ ਗੁਰਬਾਣੀ ਪੜ੍ਹਨੀ ਪਏਗੀ ਅਤੇ ਉਸ ਨੂੰ ਚੰਗੀ ਤਰ੍ਹਾਂ ਸਮਝਣਾ ਪਏਗਾ। ਉਸ ਤੋਂ ਮਗਰੋਂ ਗੁਰਬਾਣੀ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਹੋਵੇਗਾ, ਤਾਂ ਹੀ ਅਸੀਂ ਪੂਰਨ ਲਾਹਾ ਲੈ ਸਕਦੇ ਹਾਂ। ਅਸੀਂ ਤਾਂ ਹੀ ਗੁਰਬਾਣੀ ਨੂੰ ਸਮਝ ਸਕਦੇ ਹਾਂ, ਜੇ ਸਾਨੂੰ ਗੁਰਬਾਣੀ ਉਚਾਰਨ ਅਤੇ ਅਰਥ ਆਉਂਦੇ ਹੋਣਗੇ। ਗੁਰਬਾਣੀ ਦੇ ਅਰਥ ਅਤੇ ਉਚਾਰਨ ਸਿੱਖਣ ਵਾਸਤੇ ਜਾਂ ਤਾਂ ਆਪਾਂ ਟਕਸਾਲ੍ਹਾਂ ਸਿੱਖ ਮਿਸ਼ਨਰੀਆਂ ਜਾਂ ਵਿਦਵਾਨਾਂ ਕੋਲੋਂ ਪੜ੍ਹਿਆ ਹੋਵੇ, ਸਿੱਖਿਆ ਹੋਵੇ। ਜੇ ਇਹ ਨਹੀਂ ਹੋ ਸਕਦਾ, ਜਾਂ ਵਕਤ ਨਹੀਂ ਹੈ, ਤਾਂ ਸਾਨੂੰ ਵਿਦਵਾਨਾਂ ਦੀਆਂ ਸ਼ੁੱਧ ਗੁਰਬਾਣੀ ਉਚਾਰਨ ਦੀਆਂ ਕਿਤਾਬਾਂ, ਵਿਆਕਰਨ, ਗੁਰੂ ਗ੍ਰੰਥ ਸਾਹਿਬ ਦੇ ਸਟੀਕ ਘਰੇ ਲਿਆ ਕੇ ਪੜ੍ਹਨੇ ਚਾਹੀਦੇ ਹਨ। ਵਿਆਕਰਣ ਦੀਆਂ ਕਿਤਾਬਾਂ ਅਤੇ ਸਟੀਕ ਹਰ ਇਕ ਮਨੁੱਖ ਮਹਿੰਗੇ ਹੋਣ ਕਰਕੇ ਖ਼ਰੀਦ ਨਹੀਂ ਸਕਦਾ।

ਇਸ ਕਰਕੇ ਸੰਗਤਾਂ ਦੀ ਮੰਗ ਨੂੰ ਦੇਖਦੇ ਹੋਏ, ਇਹ ਗੁਰਬਾਣੀ ਉਚਾਰਨ ਦੀ ਕਿਤਾਬ ਲਿਖਣ ਦਾ ਤੁੱਛ ਜਿਹਾ ਉਪਰਾਲਾ ਕੀਤਾ ਗਿਆ ਹੈ। ਫ਼ਿਰ ਵੀ ਕੁਝ ਐਸੇ ਉਚਾਰਨ ਹਨ, ਜਿਨ੍ਹਾਂ ਬਾਰੇ ਵਿਦਵਾਨਾਂ ਦੇ ਕੁਝ ਮੱਤਭੇਦ ਹਨ। ਇਸ ਛੋਟੀ ਜਿਹੀ ਕਿਤਾਬ ਵਿੱਚ ਪੂਰੀ ਗੁਰਬਾਣੀ ਵਿਆਕਰਣ ਦਾ ਵੇਰਵਾ ਦੇ ਕੇ ਸਮਝਣਾ ਤੇ ਸਮਝਾਉਣਾ ਮੁਸ਼ਕਿਲ ਹੈ। ਇਕ ਮੁਸ਼ਕਿਲ ਇਹ ਵੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕਈ ਅਲੱਗ-ਅਲੱਗ ਪ੍ਰਕਾਸ਼ਕਾਂ ਵੱਲੋਂ ਛਾਪੇ ਹੋਏ ਹਨ ਅਤੇ ਛਪ ਵੀ ਰਹੇ ਹਨ। ਇਸ ਕਰਕੇ ਪਦਛੇਦ ਵਿੱਚ ਵੀ ਕਈ ਥਾਂਈਂ ਫ਼ਰਕ ਹੈ। ਕਈ ਥਾਂਈਂ

ਪੈਰ ਚਿੰਨ੍ਹਾਂ ਦਾ ਵੀ ਫ਼ਰਕ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਅਤੇ ਵਿਦਵਾਨਾਂ ਨੂੰ ਸੋਚ ਵਿਚਾਰ ਕੇ ਹੱਲ ਲੱਭਣਾ ਚਾਹੀਦਾ ਹੈ।

ਇਸ ਪੁਸਤਕ ਵਿੱਚ ਜਿਹੜੇ ਪਾਠੀ ਸੱਜਣ ਸਕੂਲਾਂ ਦੀ ਵਿੱਦਿਆ ਮਗਰੋਂ ਹੀ ਪਰਛੇਦ ਸਰੂਪ ਹੋਣ ਕਰਕੇ ਪਾਠ ਕਰਨ ਲੱਗ ਜਾਂਦੇ ਹਨ। ਜਿਨ੍ਹਾਂ ਨੇ ਕਿਸੇ ਵਿਦਵਾਨ ਜਾਂ ਮਿਸ਼ਨਰੀ ਕਾਲਜਾਂ ਵਿੱਚੋਂ ਸਿੱਖਿਆ ਨਹੀਂ ਲਈ ਹੁੰਦੀ, ਉਨ੍ਹਾਂ ਵਾਸਤੇ, ਕੁਝ ਚੋਣਵੇਂ ਸ਼ਬਦਾਂ ਦਾ ਹੀ ਤੁੱਛ ਬੁੱਧੀ ਅਨੁਸਾਰ, ਵਿਦਵਾਨਾਂ ਦੀਆਂ ਲਿਖਤਾਂ ਤੋਂ ਸੇਧ ਲੈ ਕੇ ਉਚਾਰਨ ਲਿਖਣ ਦੀ ਕੋਸ਼ਿਸ਼ ਕੀਤੀ ਗਈ ਹੈ।

## 2. ਸਹੀ ਉਚਾਰਨ ਦਾ ਭਾਵ

ਸਹੀ ਉਚਾਰਨ ਵਾਸਤੇ ਲਗਾਂ ਮਾਤਰਾਵਾਂ ਦਾ ਧਿਆਨ ਰੱਖਿਆ ਜਾਏ, ਵਿਸ਼ਰਾਮ ਸਹੀ ਥਾਂ ਲਾਏ ਜਾਣ, ਸ਼ਬਦ ਜੋੜ ਸਹੀ ਤੇ ਸ਼ੁੱਧ ਬੋਲੇ ਜਾਣ ਅਤੇ ਪਾਠ ਦੀ ਲੈਅ ਸਹੀ ਤੇ ਮਨਮੋਹਿਤ ਹੋਵੇ।

## 3. ਨਿਤਨੇਮ ਵਿੱਚ ਉਚਾਰਨ ਦੀਆਂ ਅਸ਼ੁੱਧੀਆਂ

ਨਿੱਤ ਦੇ ਪਾਠ ਦੀਆਂ ਕੁਝ ਪ੍ਰਚਲਿਤ ਅਸ਼ੁੱਧੀਆਂ ਦੀਆਂ ਕੁਝ ਉਦਾਹਰਨਾਂ ਇਹ ਹਨ। **ਆਕਾਰ ਨੂੰ ਅਕਾਰ, ਸੁਣਿਐ ਨੂੰ ਸੁਣੀਐ, ਵੀਚਾਰ ਨੂੰ ਵਿਚਾਰ ਅਤੇ ਮੰਨੈ ਨੂੰ ਮੰਨੇ** ਪਾਠ ਕਰਨਾ ਅਸ਼ੁੱਧ ਹੈ। ਇਸੇ ਤਰ੍ਹਾਂ **ਦਇਆਲ ਨੂੰ ਦਿਆਲ, ਅੰਮ੍ਰਿਤ ਨੂੰ ਅੰਮਿਰਤ, ਬੇਨੰਤੀ ਨੂੰ ਬੇਨਤੀ, ਜਿਨ** ਨਾਨਕ ਨੂੰ **ਜਨ** ਨਾਨਕ ਉਚਾਰਨਾ ਅਸ਼ੁੱਧ ਹੈ।

## 4. ਸ਼ੁੱਧ ਵਿਸ਼ਰਾਮ ਦੀ ਵੰਨਗੀ

**ਗੁਰ ਅਰਜਨ, ਘਰਿ ਗੁਰ ਰਾਮ ਦਾਸ, ਭਗਤ ਉਤਰਿ ਆਯਉ॥** ਇਸ ਤੁਕ ਦਾ ਅਰਥ ਬਣਦਾ ਹੈ, ਗੁਰੂ ਅਰਜਨ ਦੇਵ ਜੀ, ਗੁਰੂ ਰਾਮ ਦਾਸ ਜੀ ਦੇ ਘਰ, ਭਗਤ ਰੂਪ ਅਵਤਾਰ ਧਾਰ ਕੇ ਆਏ ਹਨ। ਜੇ ਆਪਾਂ ਘਰਿ ਤੋਂ ਮਗਰੋਂ ਵਿਸ਼ਰਾਮ ਲਾਈਏ ਤਾਂ ਅਰਥ ਬਣ ਜਾਏਗਾ, ਗੁਰੂ ਅਰਜਨ ਸਾਹਿਬ ਦੇ ਘਰ, ਗੁਰੂ ਰਾਮ ਦਾਸ ਜੀ ਭਗਤ ਰੂਪ ਅਵਤਾਰ ਧਾਰ ਕੇ ਆਏ ਹਨ। ਜੋ ਅਨਰਥ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਤੁਕਾਂ ਹਨ, ਜਿਨ੍ਹਾਂ ਦੇ ਵਿੱਚ ਗ਼ਲਤ ਥਾਂ 'ਤੇ ਵਿਸ਼ਰਾਮ ਲਾਉਣ ਨਾਲ ਅਰਥ ਦੇ ਅਨਰਥ ਹੋ ਜਾਂਦੇ ਹਨ।

ਸਹੀ ਵਿਸ਼ਰਾਮ ਲਾਉਣ ਖ਼ਾਤਰ ਗੁਰਬਾਣੀ ਵਿਆਕਰਣ ਪੜ੍ਹਨੀ ਚਾਹੀਦੀ **ਹੈ ਜਾਂ ਗਿ: ਹਰਬੰਸ ਸਿੰਘ ਅਤੇ ਪ੍ਰੋ: ਸਾਹਿਬ ਸਿੰਘ ਜੀ ਦੇ ਲਿਖੇ ਹੋਏ ਸਟੀਕ ਪੜ੍ਹਨੇ ਚਾਹੀਦੇ ਹਨ।**

## 5. ਲਿਖੇ ਅਨੁਸਾਰ ਉਚਾਰਨ ਬਾਰੇ

ਕਈਆਂ ਕੋਲੋਂ ਸੁਣਿਆ ਜਾਂਦਾ ਹੈ, ਜਿਵੇਂ ਬਾਣੀ ਲਿਖੀ ਹੈ, ਉਸ ਤਰ੍ਹਾਂ ਹੀ ਪੜ੍ਹਨੀ ਚਾਹੀਦੀ ਹੈ। ਉਹਨਾਂ ਵੀਰਾਂ ਬਾਰੇ ਕੁਝ ਮਿਸਾਲਾਂ ਇਹ ਹਨ। ਆਪਾਂ ਹਰ ਰੋਜ਼ ੴ ਨੂੰ ਇਕ ਓਅੰਕਾਰ ਪੜ੍ਹਦੇ ਹਾਂ, ਜੋ ਠੀਕ ਉਚਾਰਨ ਹੈ। ਪਰ ਲਿਖਿਆ ਤਾਂ ੴ ਹੈ। ਇਕ ਓ ਕਿਉਂ ਨਹੀਂ ਪੜ੍ਹਦੇ, ਕਿਉਂਕਿ ਇਹ ਅਸ਼ੁੱਧ ਪਾਠ ਹੈ। ਇਸੇ ਤਰ੍ਹਾਂ ਗੁਰਬਾਣੀ ਵਿੱਚ ਮਹਲਾ ੧, ਮਹਲਾ ੨, ੩, ੪, ੫ ਹੈ। ਪਰ ਆਪਾਂ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ ਪੰਜਵਾਂ ਕਿਉਂ ਕਹਿੰਦੇ ਹਾਂ। ਕਿਉਂਕਿ ਪਹਿਲਾ ਦੂਜਾ ਹੀ ਕਹਿਣਾ ਸ਼ੁੱਧ ਪਾਠ ਹੈ। ਮਹਲਾ ਇਕ, ਮਹਲਾ ਦੋ, ਤਿੰਨ ਚਾਰ ਪੰਜ ਕਹਿਣਾ ਸਹੀ ਨਹੀਂ ਹੈ। ਇਸ ਤਰ੍ਹਾਂ ਦੇ ਬੇਅੰਤ ਸ਼ਬਦ ਹਨ।

## 6. ਬਿੰਦੀ ਤੇ ਅੱਧਕ ਦੀ ਵਰਤੋਂ ਬਾਰੇ

ਇਸੇ ਤਰ੍ਹਾਂ ਹੀ ਕਈ ਸ਼ਬਦਾਂ ਦੇ ਸ਼ੁੱਧ ਅਰਥ ਕਰਨ ਵਾਸਤੇ ਲੋੜ ਅਨੁਸਾਰ ਅੱਧਕ ਅਤੇ ਬਿੰਦੀ ਦਾ ਉਚਾਰਨ ਕਰਨਾ ਕੋਈ ਅਣਉਚਿਤ ਨਹੀਂ ਹੋਵੇਗਾ। ਇਨ੍ਹਾਂ ਦਾ ਪੂਰਾ ਗਿਆਨ ਪ੍ਰਾਪਤ ਕਰਨ ਖ਼ਾਤਿਰ ਬਹੁਤ ਕਿਤਾਬਾਂ ਹਨ। ਜਿਨ੍ਹਾਂ ਤੋਂ ਗੁਰਬਾਣੀ ਵਿਆਕਰਣ ਅਨੁਸਾਰ ਤੁਸੀਂ ਸ਼ੁੱਧ ਉਚਾਰਨ ਸਿਖ ਸਕਦੇ ਹੋ।

## 7. ਦੋ ਮਾਤਰਾਂ ਵਾਲੇ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਈ ਸ਼ਬਦ ਦੋ ਮਾਤਰਾਂ ਵਾਲੇ ਵੀ ਹਨ। ਜਿਨ੍ਹਾਂ ਨੂੰ ਇਕੋ ਸਮੇਂ ਹੋੜਾ ਤੇ ਔਂਕੜ ਵੀ ਲੱਗਿਆ ਹੋਇਆ ਹੈ। ਆਪਾਂ ਨੂੰ ਉਨ੍ਹਾਂ ਵਿੱਚੋਂ ਇਕ ਮਾਤਰਾ ਨੂੰ ਛੱਡਣਾ ਪਏਗਾ। ਵਿਆਕਰਨ ਦਾ ਸਹਾਰਾ ਲੈ ਕੇ, ਇਸ ਦੋ ਮਾਤਰਾਂ ਵਾਲੇ ਸ਼ਬਦਾਂ ਦਾ ਹੇਠਾਂ ਲਿਖਿਆ ਗਿਆ ਸ਼ੁੱਧ ਉਚਾਰਨ ਇਸ ਪ੍ਰਕਾਰ ਹੈ।

| ਸ਼ਬਦ | ਉਚਾਰਨ | ਸ਼ਬਦ | ਉਚਾਰਨ |
|---|---|---|---|
| ਜੋੁਲਾਹਾ | ਜੁਲਾਹਾ | ਸੋੁਹੇਲਾ | ਸੋਹੇਲਾ |
| ਗੋੁਬਿੰਦ | ਗੁਬਿੰਦ | ਜੋੁਆਨੀ | ਜੁਆਨੀ |
| ਸੋੁਹਾਗਣਿ | ਸੁਹਾਗਣਿ | ਤੋੁਹੀ | ਤੋਹੀ |
| ਤੋੁਲਾਇਸੀ | ਤੁਲਾਇਸੀ | ਅਨਦਿਨੋੁ | ਅਨਦਿਨੋ |
| ਲੋੁਭਾਨ | ਲੁਭਾਨ | ਜਹਾਨੋੁ | ਜਹਾਨੋ |
| ਮਿਆਨੋੁ | ਮਿਆਨੋ | ਭੋੁਗਵੈ | ਭੋਗਵੈ |

## 8. ਪੈਰਾਂ ਵਿੱਚ ਲੱਗੇ ਹੋਏ ਚਿੰਨ੍ਹਾਂ ਵਾਲੇ ਅੱਖਰ

ਪੈਰਾਂ ਵਿੱਚ ਲੱਗੇ ਚਿੰਨ੍ਹਾਂ ਵਾਲੇ ਅੱਖਰਾਂ ਨੂੰ ਦੁੱਤ ਕਰਕੇ ਬੋਲਣਾ ਹੁੰਦਾ ਹੈ। ਜਾਂ ਇਉਂ ਕਹਿ ਲਵੋ ਕਿ ਪੈਰਾਂ ਵਾਲੇ ਚਿੰਨ੍ਹਾਂ ਨੂੰ ਅੱਧੀ ਜਾਂ ਦਬਵੀਂ ਆਵਾਜ਼ ਨਾਲ ਉਚਾਰਨ ਕਰਨਾ ਹੈ।

### ਗੁਰਬਾਣੀ ਵਿੱਚ ਲੱਗੇ ਇਹ ਚਿੰਨ੍ਹ ਹਨ

(ੳ) ਗੁਰਬਾਣੀ ਵਿੱਚ ਉਦਾਤ ਚਿੰ੍ਹ (ਹਲੰਤ) ( ੍ )

(ਅ) ਹਾਹਾ ਚਿੰਨ੍ਹ ( ੍ਹ )

(ੲ) ਯਕਸ਼ ਚਿੰਨ੍ਹ ( ੵ )

(ਸ) ਪੈਰ ਵਿੱਚ ਰਾਰਾ ( ੍ਰ )

(ਹ) ਵਿਸਰਗਾਂ (ਃ) (:)

(ਕ) ਗਗਾ ( ੍ਗ )

(ਖ) ਚਚਾ ( ੍ਚ )

(ਗ) ਟੈਂਕਾ ( ੍ਟ )

(ਘ) ਤਤਾ ( ੍ਤ )

(ਙ) ਨਨਾ ( ੍ਨ )

(ਚ) (ਵਾਵਾ) ( ੍ਵ )

ਹੁਣ ਇਕੱਲੇ ਪੈਰ ਚਿੰਨ੍ਹਾਂ ਬਾਰੇ ਸੰਖੇਪ ਜਿਹਾ ਵਿਚਾਰ।

## 9. ਹਾਹੇ ਪੈਰ ਚਿੰਨ੍ਹ ( ੍ਹ ) ਦਾ ਉਚਾਰਨ

ਜੇ ਹਾਹਾ ਚਿੰਨ੍ਹ ( ੍ਹ ) ਪੈਰ ਵਿੱਚ ਲੱਗਿਆ ਹੋਵੇ ਤਾਂ ਹਾਹੇ ਦੀ (ਦੁੱਤ) ਕਰਕੇ ਜਾਂ ਅੱਧੀ ਆਵਾਜ਼ ਨਾਲ ਉਚਾਰਨ ਹੁੰਦਾ ਹੈ।

ਜਿਵੇਂ :—ਅਨ੍ਹੇਰਾ ਅਨ੍ਹਾ ਕਾਨ੍ਹ ਤਰ੍ਹਾਂ ਗੜ੍ਹ ਪੜ੍ਹ ਬਮ੍ਹ ਬਾਮ੍ਹਣ ਇਨ੍ਹਾਂ ਉਨ੍ਹਾਂ ਚੜ੍ਹੈ ਪੜ੍ਹਿਆ ਚੋਲ੍ਹਾ ਕਲ੍ਹ ਆਦਿ ਪੈਰ ਵਿੱਚ ਹਾਹੇ ਵਾਲੇ ਸ਼ਬਦ ਹਨ।

ਗੁਰਬਾਣੀ ਵਿੱਚ ਆਏ ਜਿਹੜੇ ਸ਼ਬਦ ਨਹਾਉਣ (ਇਸ਼ਨਾਨ) ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਸ਼ਬਦਾਂ ਦਾ ਉਚਾਰਨ ਕਰਨ ਵੇਲੇ ਪੈਰ ਵਿੱਚ ਹਾਹੇ ( ੍ਹ ) ਦੀ ਅੱਧੀ ਆਵਾਜ਼ ਦੇ ਉਚਾਰਨ ਨਾਲ ਹੀ ਸਹੀ ਅਰਥ ਸਾਹਮਣੇ ਆਉਣਗੇ, ਸ਼ੁੱਧ ਪਾਠ ਹੋਵੇਗਾ।

ਜਿਵੇਂ :—1. ਤੀਰਥਿ 'ਨਾਵਾ' ਜੇ ਤਿਸ ਭਾਵਾ, ਵਿਣੁ ਭਾਣੇ ਕਿ 'ਨਾਇ' ਕਰੀ॥ (ਜਪੁਜੀ ਸਾਹਿਬ)

2. ਅੰਤਰਗਤਿ ਤੀਰਥਿ ਮਲਿ 'ਨਾਉ'॥ (ਜਪੁਜੀ ਸਾਹਿਬ)

3. ਰਾਮ ਦਾਸਿ ਸਰੋਵਰ 'ਨਾਤੇ'॥ (ਪੰਨਾ ੬੨੪)

4. 'ਨਾਤੀ' ਧੋਤੀ ਸੰਬਹੀ ਸੁਤੀ ਆਇ ਨਚਿੰਦੁ॥ (ਪੰਨਾ ੧੩੭੯)

ਉਪਰਲੀਆਂ ਚਾਰੇ ਤੁਕਾਂ ਵਿੱਚ ਨਾਵਾ, ਨਾਇ, ਨਾਉ, ਨਾਤੇ, ਨਾਤੀ, ਇਹ ਸਾਰੇ ਸ਼ਬਦ ਨਹਾਉਣ ਨਾਲ ਸੰਬੰਧ ਰੱਖਦੇ ਹਨ। ਇਸ ਕਰਕੇ ਇਨ੍ਹਾਂ ਦਾ ਉਚਾਰਨ ਪੈਰ ਵਿੱਚ ਅੱਧੇ ਹਾਹੇ ਨਾਲ ਹੋਵੇਗਾ। ਜਿਵੇਂ :—ਨ੍ਹਾਵਾ, ਨ੍ਹਾਇ, ਨ੍ਹਾਉ, ਨ੍ਹਾਤੇ, ਨ੍ਹਾਤੀ ਵਾਂਗੂੰ।

## 10. (ਹ) ਦੀ ਵਰਤੋਂ ਵਾਲੇ ਸ਼ਬਦਾਂ ਦੇ ਕੁਝ ਹੋਰ ਸ਼ੁੱਧ ਉਚਾਰਨ

| ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|
| ਬਹਤੀ | ਬਹਿਤੀ ਵਾਂਗ | ਮੋਹਹ | ਮੋਹਹਿ ਵਾਂਗ |
| ਟ੍ਹਹਲ | ਟਹਿਲ ਵਾਂਗ | ਸਾਲਾਹਹ | ਸਲਾਹਹਿ ਵਾਂਗ |
| ਠਹਕ | ਠਹਿਕ ਵਾਂਗ | ਸੰਤਹ | ਸੰਤਹਿ ਵਾਂਗ |
| ਕਹਤ | ਕਹਿਤ ਵਾਂਗ | ਭਗਤਹ | ਭਗਤਹਿ ਵਾਂਗ |
| ਡਹਕੈ | ਡਹਿਕੈ ਵਾਂਗ | ਅਨਾਥਹ | ਅਨਾਥਹਿ ਵਾਂਗ |

ਇਨ੍ਹਾਂ ਉਪਰਲੇ ਅੱਖਰਾਂ ਨੂੰ ਥੋੜ੍ਹੀ ਜਿਹੀ ਸਿਹਾਰੀ ( ਿ) ਦੀ ਆਵਾਜ਼ ਨਾਲ ਉਚਾਰਨ ਕਰਨਾ ਹੀ ਸ਼ੁੱਧ ਪਾਠ ਹੈ।

## 11. ਵਿਸਰਗਾਂ (ঃ) (:) ਦਾ ਉਚਾਰਨ

'ਵਿਸਰਗਾਂ' ਇਹ ਸੰਸਕ੍ਰਿਤ ਤੇ ਹਿੰਦੀ ਵਰਨਮਾਲਾ ਦੇ ਅੱਖਰ ਹਨ। ਇਹ ਅੱਧੇ ਹਾਹੇ ਦੀ ਆਵਾਜ਼ ਵਾਂਗੂੰ ਬੋਲੇ ਜਾਂਦੇ ਹਨ। ਗੁਰਬਾਣੀ ਵਿੱਚ ੧੩੬੧ ਪੰਨੇ ਤੇ ਆਏ ਹਨ। ਜਿਵੇਂ :—

| ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|
| ਲਿਖਣ: | ਲਿਖਣਹਿ | ਦ੍ਰਿੜੰਤਣ: | ਦ੍ਰਿੜੰਤਣਹਿ |
| ਸੰਪੂਰਣ: | ਸੰਪੂਰਣਹਿ | ਰੰਗਣ: | ਰੰਗਣਹਿ |

## 12. ਉਦਾਤ ਚਿੰਨ੍ਹ 'ਹਲੰਤ' ( ੍ ) ਦਾ ਉਚਾਰਨ

ਇਹ ਪੈਰ ਚਿੰਨ੍ਹ ( ੍ ) ਜਿਹੜੇ ਅੱਖਰਾਂ ਨਾਲ ਲੱਗਿਆ ਹੁੰਦਾ ਹੈ। ਉਸ ਅੱਖਰ

ਦੀ ਆਵਾਜ਼ ਨੂੰ ਮਾਮੂਲੀ ਜਿਹਾ (ਹ) ਲਾ ਕੇ ਬੋਲਣਾ ਪਵੇਗਾ ਜਾਂ ਇਹ ਕਹਿ ਲਵੋ ਕਿ ਉਸ ਅੱਖਰ ਨੂੰ ਕੁਝ ਗੂੜ੍ਹੀ ਸੁਰ ਨਾਲ ਬੋਲਣਾ ਚਾਹੀਦਾ ਹੈ।

ਜਿਵੇਂ :—1. ਗੁਣ ਰਾਸਿ ਬੰਨ੍ਹਿ ਪਲੈ ਆਨੀ॥ (ਪੰਨਾ ੩੭੨)

2. ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ॥ (ਪੰਨਾ ੪੨੦)

3. ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥ (ਪੰਨਾ ੨੩)

4. ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ॥ (ਪੰਨਾ ੯੪)

ਤੁਕ ਨੰਬਰ (1) (2) ਵਿੱਚ ਬੰਨ੍ਹਿ ਸ਼ਬਦ ਦੇ ਹੇਠਾਂ ਉਦਾਤ ਚਿੰਨ੍ਹ ( ੍ ) ਲੱਗਾ ਹੋਇਆ ਹੈ। ਜਿਸ ਨਾਲ ਅਰਥ ਹੋਵੇਗਾ 'ਬੰਨ੍ਹਣਾ'। ਤੁਕ ਨੰਬਰ (3) (4) ਵਿੱਚ ਬੰਨਿ ਦੇ ਥੱਲੇ ਇਹ ਚਿੰਨ੍ਹ ਨਹੀਂ ਹੈ, ਪਰ ਅਰਥ ਬੰਨ੍ਹਣ ਦਾ ਹੀ ਹੈ। ਇਸ ਲਈ ਇਹ ਉਦਾਤ ਚਿੰਨ੍ਹ ਲਾ ਕੇ ਹੀ ਸ਼ੁੱਧ ਉਚਾਰਨ 'ਬੰਨ੍ਹਿ' ਕਰਨਾ ਚਾਹੀਦਾ ਹੈ।

5. ਪਰਮੇਸਰਿ ਦਿਤਾ ਬੰਨਾ॥ (ਪੰਨਾ ੬੨੮)

6. ਫਰੀਦਾ ਮਉਤੈ ਦਾ ਬਨਾ ਏਵੈ ਦਿਸੈ ਜਿਉ ਦਰੀਆ ਵੈ ਢਾਹਾ॥ (ਪੰਨਾ ੧੩੮੩)

ਤੁਕ ਨੰਬਰ (5) ਵਿੱਚ ਬੰਨਾ ਦਾ ਅਰਥ ਹੈ 'ਆਸਰਾ'। ਤੁਕ ਨੰਬਰ (6) ਵਿੱਚ ਬਨਾ ਦਾ ਅਰਥ ਹੈ ਕਿਨਾਰਾ, ਇਸ ਲਈ ਇਹਨਾਂ ਦੋਹਾਂ ਥਾਵਾਂ 'ਤੇ ਉਦਾਤ ਚਿੰਨ੍ਹ ( ੍ ) ਨਹੀਂ ਲਗੇਗਾ। ਹੋਰ ਉਦਾਤ ਚਿੰਨ੍ਹ ਵਾਲੇ ਅੱਖਰ, ਜਿਨ੍ਹਾਂ ਨੂੰ ਕੁਝ ਗੂੜ੍ਹੀ ਜਾਂ ਬਿਲਕੁਲ ਮਾਮੂਲੀ ਹਾਹੇ ਦੀ ਆਵਾਜ਼ ਨਾਲ ਉਚਾਰਨ ਕਰਨਾ ਹੈ।

ਜਿਵੇਂ :—ਜਿਨ੍ਹੀ ਜਿਨ੍ਹ ਤਿਨ੍ਹ ਨ੍ਹਾਏ ਕੀਨ੍ਹੇ ਇਨ੍ਹੀ ਗਿੰਨ੍ਹਿ ਥੰਮ੍ਹਿਆਂ ਬਾਮ੍ਹਣ ਉਨ੍ਹਾ ਇਕਨ੍ਹੀ ਚੂਲ੍ਹੇ ਤੁਮ੍ਹ ਕੀਨ੍ਹ ਚੀਨ੍ਹਸੀ ਤੁਮ੍ਹਾਰੀ

ਇਸ ਤਰ੍ਹਾਂ ਦੇ ਗੁਰਬਾਣੀ ਵਿੱਚ ਬਹੁਤ ਸ਼ਬਦ ਹਨ।

## 13. ਯਕਸ਼ ਚਿੰਨ੍ਹ ( ੵ ) ਦਾ ਉਚਾਰਨ

ਇਹ ਯਕਸ਼ ਚਿੰਨ੍ਹ ਅੱਧੇ ਯਯੇ ਨਾਲ ਸੰਬੰਧ ਰੱਖਦਾ ਹੈ। ਇਸ ਦੀ ਧੁਨੀ ਸਮਝਾਉਣ ਵਾਸਤੇ ਅੱਧੇ 'ਯ' ਅੱਖਰ ਦੀ ਥਾਂ 'ਅ' ਲਾ ਕੇ ਉਚਾਰਨ ਕਰਨਾ ਪੈਂਦਾ ਹੈ। ਯਕਸ਼ ਚਿੰਨਾਂ ਵਾਲੀਆਂ ਤੁਕਾਂ ਹਨ।

ਜਿਵੇਂ :—

(1) ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯਿੰ ਅਸਾਜ੍ਯੰ ਸਾਜਿ ਸਮਜਯਾ॥

(ਪੰਨਾ ੧੩੫੮)

(2) ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ॥

(ਪੰਨਾ ੧੩੫੮)

(3) ਜੇਨ ਕਲਾ ਸਸਿ ਸੂਰ ਨਖੵਤ੍ਰ ਜੋਤ੍ਰਿੰ ਸਸਿ ਸਰੀਰ ਧਾਰਣੰ॥

(ਪੰਨਾ ੧੩੫੮)

ਉਪਰੋਕਤ ਤੁਕਾਂ ਵਿੱਚ ਆਏ ਸ਼ਬਦ ਅਖਾਦ੍ਯਿ, ਖਾਦ੍ਯਿੰ, ਅਸਾਜ੍ਯਿੰ, ਰਖ੍ਯਾ, ਨਖੵਤ੍ਰ ਤੇ ਜੋਤ੍ਰਿੰ ਦਾ ਉਚਾਰਨ, ਇਸ ਯਕਸ਼ ਚਿੰਨ੍ਹ ਸਹਿਤ ਕਰਨਾ ਚਾਹੀਦਾ ਹੈ। ਨਹੀਂ ਤਾਂ ਪਾਠ ਦੇ ਅਰਥ ਸ਼ੁੱਧ ਨਹੀਂ ਹੋਣਗੇ। ਯਕਸ਼ ਚਿੰਨ੍ਹ (੍ਯ) ਵਾਲੇ ਬਹੁਤ ਅੱਖਰ ਹਨ। ਸਾਰਿਆਂ ਦਾ ਉਚਾਰਨ ਅਗਲੇ ਪੰਨਿਆਂ 'ਤੇ ਦਿੱਤੇ ਗਏ ਹਨ। ਉਪਰਲੀਆਂ ਤੁਕਾਂ ਵਿੱਚ ਯਕਸ਼ (੍ਯ) ਵਾਲੇ ਅੱਖਰਾਂ ਦਾ ਉਚਾਰਨ ਇਹ ਹੈ।

| ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|
| ਅਖਾਦ੍ਯਿ | ਅਖਾਦਿਅ | ਖਾਦ੍ਯਿੰ | ਖਾਦਿਅੰ |
| ਅਸਾਜ੍ਯਿੰ | ਅਸਾਜਿਅੰ | ਰਖ੍ਯਾ | ਰਖਿਆ |
| ਨਖੵਤ੍ਰ | ਨਖਿਅਤ | ਜੋਤ੍ਰਿੰ | ਜੋਤਿਅੰ |

## 14. ਪੈਰਾਂ ਵਿੱਚ ਲੱਗੇ ਚਿੰਨ੍ਹਾਂ (੍ਗ) (੍ਚ) (੍ਟ) (੍ਤ) (੍ਨ) (੍ਵ) ਦਾ ਉਚਾਰਨ

| ਪੈਰਾਂ ਵਿੱਚ ਲੱਗੇ ਅੱਖਰ | ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|---|
| (ਗ) (੍ਗ) | ਜਗਦ੍ਗੁਰੋ | ਜਗਦਗੁਰੋ ਵਾਂਗ | | |
| (ਚ) (੍ਚ) | ਅਸ੍ਚਰਜ | ਅਸਚਰਜ ,, | ਪਸ੍ਚਮ | ਪਸਚਮ ਵਾਂਗ |
| | ਨਿਸ੍ਚਲ | ਨਿਸਚਲ ,, | | |
| (ਟ) (੍ਟ) | ਗਰਿਸ੍ਟ | ਗਰਿਸਟ ,, | ਮਿਸ੍ਟ | ਮਿਸਟ ,, |
| | ਦ੍ਰਿਸ੍ਟਿ | ਦਰਿਸਟਿ ,, | ਸ੍ਰਿਸ੍ਟਿ | ਸਰਿਸਟਿ ,, |
| (ਤ) (੍ਤ) | ਅਸ੍ਤ | ਅਸਤ ,, | ਮਸ੍ਤਕ | ਮਸਤਕ ,, |
| | ਹਸ੍ਤ | ਹਸਤ ,, | ਨਿਸ੍ਤਾਰਹੁ | ਨਿਸਤਾਰਹੁ ,, |
| | ਭਗ੍ਤਿ | ਭਗਤਿ ,, | ਪੁਸ੍ਤਕ | ਪੁਸਤਕ ,, |
| | ਦਸ੍ਤਗੀਰੀ | ਦਸਤਗੀਰੀ ,, | ਬਿਗ੍ਹਾਪ੍ਤਿ | ਬਿਗਹਾਪਤਿ ,, |
| (ਨ) (੍ਨ) | ਬੈਸ੍ਨਵਹ | ਬੈਸਨਵਹ ,, | ਇਸ੍ਨਾਨ | ਇਸਨਾਨ ,, |
| | ਸ੍ਨੇਹੰ | ਸਨੇਹੰ ,, | ਕ੍ਰਿਸ੍ਨੰ | ਕਰਿਸਨੰ ,, |
| (ਵ) (੍ਵ) | ਬਾਸ੍ਵਦੇਵਸ੍ਹ | ਬਾਸਵਦੇਵਸਹ ,, | ਸ੍ਵਸਤਿ | ਸਵਸਤਿ ,, |
| | ਅਸ੍ਵ | ਅਸਵ ,, | ਬਿਸ੍ਵ | ਬਿਸਵ ,, |

| | | | |
|---|---|---|---|
| ਸ੍ਵਰਗ | ਸਵਰਗ ,, | ਸ੍ਵਛ | ਸਵਛ ,, |
| ਸ੍ਵਜਨਹ | ਸਵਜਨਹ ,, | ਦ੍ਵਾਰ | ਦਵਾਰ ,, |
| ਜਗਦੀਸ੍ਵਰਹ | ਜਗਦੀਸਵਰਹ ,, | ਸ੍ਵਰੂਪੀ | ਸਵਰੂਪੀ ,, |
| ਪਰਮੇਸ੍ਵਰਹ | ਪਰਮੇਸਵਰਹ ,, | ਸ੍ਵਰੂਪੰ | ਸਵਰੂਪੰ ,, |
| ਸ੍ਵਾਸਾ | ਸਵਾਸਾ ,, | ਬੈਸ੍ਵਾਂਤਰਹਿ | ਬੈਸਵਾਂਤਰਹਿ |

## 15. ਪੈਰਾਂ ਵਿੱਚ ( ੍ਰ ) ਰਾਰੇ ਦਾ ਉਚਾਰਨ

ਪੈਰ ਵਿੱਚ ਰਾਰੇ ਦੀ ਆਵਾਜ਼ ਵੀ ਅੱਧਾ ਰਾਰਾ ਬੋਲਣੀ ਹੈ। ਜਿਵੇਂ :—

| ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|
| ਬਸਤ੍ਰ | ਬਸਤਰ ਵਾਂਗ | ਪ੍ਰਸਾਦਿ | ਪਰਸਾਦਿ ਵਾਂਗ |
| ਪ੍ਰਵਿਰਤ | ਪਰਵਿਰਤ ,, | ਬ੍ਰਹਮ | ਬਰਹਮ ,, |
| ਦਾਰਿਦ੍ਰੰ | ਦਾਰਿਦਰੰ ,, | ਖੵਤ੍ਰੀ | ਖਅਤਰੀ ,, |
| ਤ੍ਰੈਪਾਲ | ਤਰੈਪਾਲ ,, | ਪਰਾਕ੍ਰਿਤਹ | ਪਰਾਕਰਿਤਹ ,, |
| ਕ੍ਰਿਤਹ | ਕਰਿਤਹ ,, | ਸੂਦ੍ਰ | ਸੂਦਰ ,, |
| ਕ੍ਰਿਪਾ | ਕਰਿਪਾ ,, | ਕ੍ਰਿਸੰ੍ਨ | ਕਰਿਸਨੰ ,, |
| ਦ੍ਰਿੜੁ | ਦਰਿੜੁ ,, | ਆਸ੍ਰਯੰ | ਆਸਰਿਅੰ ,, |
| ਕ੍ਰਿਪਾਲਾ | ਕਰਿਪਾਲਾ ,, | ਬਿਸ੍ਰਾਮ | ਬਿਸਰਾਮ ,, |
| ਸ੍ਰੋਤਾ | ਸਰੋਤਾ ,, | ਭ੍ਰਿਤਿਆ | ਭਰਿਤਿਆ ,, |
| ਪ੍ਰਿਅ | ਪਰਿਅ ,, | ਨਖੵਤ੍ਰ | ਨਖਿਅਤਰ ,, |
| ਸਹਸਕ੍ਰਿਤੀ | ਸਹਸਕਰਿਤੀ ,, | ਤ੍ਰਿਪੵਤੇ | ਤਰਿਪਿਅਤੇ ,, |
| ਪ੍ਰਿਅੰ | ਪਰਿਅੰ ,, | ਸ੍ਰਿਸਟਿ | ਸਰਿਸਟਿ ,, |

ਇਸ ਤਰ੍ਹਾਂ ਦੇ ਬਹੁਤ ਸ਼ਬਦ ਹਨ। ਹਰ ਇਕ ਪੈਰ ਚਿੰਨ੍ਹ ( ੍ਰ ) ਰਾਰੇ ਨੂੰ ਸਿਹਾਰੀ ਬਿਹਾਰੀ ਅਉਂਕੜ ਅਤੇ ਕੰਨਾ ਆਦਿ ਧਿਆਨ ਨਾਲ ਉਚਾਰਨੇ ਹਨ।

## 16. ਜੇ ਅੰਤਲਾ ਅੱਖਰ 'ਅ' ਮੁਕਤਾ ਹੋਵੇ ਤਾਂ ਉਚਾਰਨ

ਗੁਰਬਾਣੀ ਅੰਦਰ ਕੁਝ ਅਜਿਹੇ ਸ਼ਬਦ ਵੀ ਹਨ, ਜਿਨ੍ਹਾਂ ਦੇ ਅੰਤਲਾ ਅੱਖਰ 'ਅ' ਮੁਕਤਾ ਹੁੰਦਾ ਹੈ। ਉਨ੍ਹਾਂ ਨੂੰ ਕਨਾ ਲਾ ਕੇ 'ਆ' ਉਚਾਰਨ ਅਸ਼ੁੱਧ ਹੈ। ਇਸ ਤਰ੍ਹਾਂ ਦੇ ਸ਼ਬਦ 'ਆ' ਦੀ ਆਵਾਜ਼ ਨਹੀਂ ਦਿੰਦੇ। ਉਨ੍ਹਾਂ ਸ਼ਬਦਾਂ ਦੇ 'ਅ' ਤੋਂ ਪਹਿਲੇ

ਅੱਖਰ ਨੂੰ ਲੱਗੀ ਬਿਹਾਰੀ, ਹੋੜਾ, ਔਂਕੜ ਅਤੇ ਦੁਲੈਂਕੜ ਦੀ ਆਵਾਜ਼ ਲਮਕਾਉਣੀ ਹੁੰਦੀ ਹੈ। ਜਿਵੇਂ :—ਜੀਅ, ਧੀਅ, ਕੀਅ, ਤ੍ਰੀਅ ਆਦਿ ਨੂੰ ਲਮਕਾ ਕੇ ਜੀ, ਧੀ, ਕੀ ਅਤੇ ਤ੍ਰੀ ਉਚਾਰਨਾ ਹੈ। ਇਸੇ ਤਰ੍ਹਾਂ ਤਜੀਅ, ਜਾਣੀਅ, ਕਛੂਅ, ਭਇਅ, ਗਇਅ, ਘਰੀਅ, ਬੀਚਾਰਿਅ, ਤੁਅ ਹੁਅ ਦਾ ਉਚਾਰਨ ਲਮਕਾ ਕੇ ਤਜੀ, ਜਾਣੀ, ਕਛੂ, ਭਏ, ਗਏ, ਘਰੀ, ਬੀਚਾਰੇ, ਤੋ, ਹੋ ਕਰਨਾ ਹੈ।

## 17. 'ਯ' ਅੱਖਰਾਂ ਵਾਲੇ ਸ਼ਬਦਾਂ ਦਾ ਉਚਾਰਨ ਜੋ ਧੁਨੀ ਬਦਲ ਚੁੱਕੇ ਹਨ

'ਯ' ਅੱਖਰ ਗੁਰਮੁੱਖੀ ਲਿੱਪੀ ਵਿੱਚ ਵਿਅੰਜਨ ਹੈ। ਪਰ ਗੁਰਬਾਣੀ ਵਿੱਚ ਤੇ ਪੁਰਾਣੀ ਪੰਜਾਬੀ ਵਿੱਚ ਇਸ ਦੀ 'ਸੁਰ' ਦੇ ਤੌਰ 'ਤੇ ਵਰਤੋਂ ਬਹੁਤ ਮਿਲਦੀ ਹੈ। ਪਰ ਅਜੋਕੀ ਪੰਜਾਬੀ ਬੋਲੀ ਵਿੱਚ ਬਹੁਤ ਕਰਕੇ ਇਹ ਵਿਅੰਜਨ 'ਯ' ਬਦਲ ਕੇ 'ਜ' ਹੋ ਚੁੱਕਾ ਹੈ। ਜਿਵੇਂ :—

| ਗੁਰਬਾਣੀ | ਉਚਾਰਨ | ਗੁਰਬਾਣੀ | ਉਚਾਰਨ |
|---|---|---|---|
| ਸੂਰਯ | ਸੂਰਜ | ਯਾਚਕ | ਜਾਚਕ |
| ਕਾਰਯ | ਕਾਰਜ | ਯੁਕਤਿ | ਜੁਗਤਿ |
| ਯਸ਼ | ਜਸ | ਯੁਧ | ਜੁਧ |
| ਯਤਨ | ਜਤਨ | ਵਿਯੋਗ | ਵਿਜੋਗ |
| ਯਮ | ਜਮ | ਅੰਤਰਯਾਮੀ | ਅੰਤਰਜਾਮੀ |

## 18. ਗੁਰਬਾਣੀ ਵਿੱਚ (ਯ) ਵਿਅੰਜਨ ਅਸਲ ਧੁਨੀ ਵਿੱਚ

ਪਰ ਵਿਅੰਜਨ 'ਯ' ਦੀ ਸੰਕੋਚਵੀਂ ਵਰਤੋਂ ਪੰਜਾਬੀ ਬੋਲੀ ਵਿੱਚ ਵੀ ਮਿਲਦੀ ਹੈ। ਗੁਰਬਾਣੀ ਵਿੱਚ ਜਦੋਂ ਇਹ ਸ਼ਬਦ ਦੇ ਆਰੰਭ ਵਿੱਚ ਆਉਂਦਾ ਹੈ, ਤਾਂ ਇਸ ਦਾ ਉਚਾਰਨ ਆਪਣੀ ਨਿਸ਼ਚਿਤ ਧੁਨੀ ਵਿੱਚ ਹੁੰਦਾ ਹੈ। ਜਿਵੇਂ :—

| | ਪੰਨਾ |
|---|---|
| 'ਯਾ' ਜੁਗ ਮਹਿ ਏਕਹਿ ਕਉ ਆਇਆ॥ | ੨੫੧ |
| 'ਯਕ' ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ | ੭੨੧ |
| 'ਯਯਾ' ਜਤਨ ਕਰਤ ਬਹੁ ਬਿਧੀਆ॥ | ੨੫੯ |
| ਕਾਇਆ ਕਿਰਦਾਰ ਅਉਰਤ 'ਯਕੀਨਾ'॥ | ੧੦੮੪ |
| 'ਯਾਨੜੀਏ' ਕੈ ਘਰਿ ਗਾਵਣਾ॥ | ੮੦੨ |

'ਯਾਰ' ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ॥ ੨੫੯
'ਯਾਸੁ' ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ॥ ੨੫੨
ਖਾਣਾ ਪੀਣਾ ਹੱਸਣਾ ਬਾਦਿ ਜਬ ਲਗੁ ਰਿਦੈ ਨ ਅਵਹਿ 'ਯਾਦਿ' ੩੫੧
ਪਰ ਧਨ ਪਰ ਤਨ ਅਪਵਾਦ ਨਾਰਿ ਨਿੰਦਾ 'ਯਹ' ਮੀਠੀ ਜੀਅ ਮਾਹਿ ਹਿਤਾਨੀ॥ ੧੩੮੭
ਜਗ ਅਉਰੁ ਨ 'ਯਾਹਿ' ਮਹਾ ਤਮ ਮੈ, ਅਵਤਾਰ ਉਜਾਗਰੁ ਆਨਿ ਕੀਅਉ॥ ੧੪੦੯
ਤਤੁ ਬਿਚਾਰ 'ਯਹੈ' ਮਥੁਰਾ, ਜਗ ਤਾਰਨ ਕਉ ਅਵਤਾਰੁ ਬਨਾਯਉ॥ ੧੪੦੯

## 19. ਸੁਰ 'ਯ' ਤਿੰਨ ਰੂਪਾਂ ਵਿੱਚ

ਸੁਰ ਦੇ ਤੌਰ 'ਤੇ 'ਯ' ਅੱਖਰ ਦੀ ਵਰਤੋਂ ਗੁਰਬਾਣੀ ਅੰਦਰ ਤਿੰਨ ਰੂਪਾਂ ਵਿੱਚ ਮਿਲਦੀ ਹੈ। ਜਿਵੇਂ :—

**(1) ਯਾ—ਪੂਰਾ ਅੱਖਰ (2) ਜ ਅੱਧਾ ਅੱਖਰ (3) ਪੈਰ ਚਿੰਨ੍ਹ ( ) ਯਕਸ਼ ਚਿੰਨ੍ਹ**

ਪਰ ਅੱਜ ਕੱਲ੍ਹ ਛਪੇ ਸਰੂਪਾਂ ਵਿੱਚ ਪੈਰ ਚਿੰਨ੍ਹ ਠੀਕ ਲੱਗੇ ਹੋਏ ਨਹੀਂ ਮਿਲਦੇ। ਕਈ ਚਿੰਨ੍ਹ ਇੱਧਰ-ਉੱਧਰ ਲੱਗੇ ਹੋਏ ਹਨ। ਸ਼੍ਰੋਮਣੀ ਕਮੇਟੀ ਅਤੇ ਹੋਰ ਸੰਸਥਾਵਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

'ਯ' ਅੱਖਰ ਦੇ ਸਾਰੇ ਸਰੂਪਾਂ ਦਾ ਅੱਗੇ ਚਲ ਕੇ ਪੂਰਾ ਵੇਰਵਾ ਦਿੱਤਾ ਗਿਆ ਹੈ।

## 20. ਅੱਗੇ ਦਿੱਤੇ ਗਏ ਔਖੇ ਉਚਾਰਨਾਂ ਦਾ ਢੰਗ ਤਰੀਕਾ

(ੳ) ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ (ਪੰਨਾ) ਨੰਬਰ ਦਿੱਤਾ ਗਿਆ ਹੈ।

(ਅ) ਦੂਜੇ ਨੰਬਰ ਤੇ ਉਸ ਪੰਨੇ ਦੇ ਕਿਹੜੇ (ਅੰਕ) ਵਿੱਚੋਂ ਇਹ ਸ਼ਬਦ ਲਿਆ ਹੈ, ਉਸ ਦਾ ਅੰਕ ਨੰਬਰ ਹੈ।

(ੲ) ਤੀਜੇ ਨੰਬਰ 'ਤੇ (ਗੁਰਬਾਣੀ) ਦਾ ਔਖਾ ਸ਼ਬਦ।

(ਸ) ਚੌਥੇ ਨੰਬਰ 'ਤੇ ਉਸ ਸ਼ਬਦ ਦਾ (ਉਚਾਰਨ)।

(ਹ) ਪੰਜਵੇਂ ਨੰਬਰ 'ਤੇ ਉਸ ਸ਼ਬਦ ਦੇ (ਅਰਥ) ਦਿੱਤੇ ਗਏ ਹਨ।

(ਕ) ਛੇਵੇਂ ਨੰਬਰ 'ਤੇ ਜਿਹੜੀ ਤੁਕ ਵਿੱਚੋਂ ਇਹ ਸ਼ਬਦ ਲਿਆ ਗਿਆ ਹੈ ਉਸ ਤੁਕ ਦਾ ਮੁੱਖੜਾ ਦਿੱਤਾ ਗਿਆ ਹੈ। ਜਿਸ ਵਿੱਚ ਔਖਾ ਸ਼ਬਦ ਹੈ। ਉਸ ਦੇ

ਨੀਚੇ ਤੁੱਕ ਦਾ ਭਾਵ ਅਰਥ ਲਿਖ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸੌਖੇ ਸ਼ਬਦਾਂ ਦੇ ਸਿਰਫ਼ ਅਰਥ ਹੀ ਕੀਤੇ ਗਏ ਹਨ। ਖ਼ਿਆਲ ਵਿੱਚ ਰੱਖਿਆ ਗਿਆ ਹੈ ਕਿ ਹਰ ਇੱਕ ਪੰਨੇ ਦੇ ਔਖੇ ਸ਼ਬਦ ਜ਼ਰੂਰ ਲਏ ਜਾਣ। ਇਸ ਕਰਕੇ ਕਈ ਸ਼ਬਦ ਬਾਰ-ਬਾਰ ਆਏ ਹਨ। ਸਾਰੇ ਵਿਦਵਾਨਾਂ ਦੇ ਉਚਾਰਨ ਵੱਖ-ਵੱਖ ਦਿੱਤੇ ਗਏ ਹਨ ਕਿਉਂਕਿ ਉਚਾਰਨ ਵਾਲੇ ਅੱਖਰ, ਇਕੋ ਜਿਹੇ ਨਹੀਂ ਹਨ। ਕਿਤੇ-ਕਿਤੇ ਉਚਾਰਨ ਅੱਖਰਾਂ ਦਾ ਫ਼ਰਕ ਹੈ। ਇਸੇ ਕਰਕੇ ਜਿੱਥੇ ਫ਼ਰਕ ਲੱਗਿਆ, ਉਸ ਉਚਾਰਨ ਦੇ, ਦੋਨੋਂ ਉਚਾਰਨ ਦਿੱਤੇ ਗਏ ਹਨ।

ਇਹ ਉਚਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਤੋਂ ਲੱਗ ਕੇ, ਹਰ ਪੰਨੇ ਵਾਰ ਦਿੱਤੇ ਗਏ ਹਨ। ਤਾਂ ਜੋ ਪਾਠ ਕਰਨ ਵਾਲਾ ਪ੍ਰਾਣੀ ਜਿਸ ਪੰਨੇ ਦਾ ਉਹ ਪਾਠ ਕਰ ਰਿਹਾ ਹੈ, ਉਸ ਪੰਨੇ ਨੂੰ ਕਿਤਾਬ ਵਿੱਚੋਂ ਆਪਣੇ ਸਾਹਮਣੇ ਰੱਖ ਕੇ, ਔਖੇ ਸ਼ਬਦਾਂ ਦਾ ਉਚਾਰਨ ਕਰ ਸਕਦਾ ਹੈ।

ਨੋਟ—ਕਈ ਉਚਾਰਨ ਵਾਲੇ ਸ਼ਬਦਾਂ ਦੇ ਨੀਚੇ (ਦੇਖੋ ਪੰਨਾ) ਲਿਖ ਕੇ ਪੰਨਾ ਨੰਬਰ ਵੀ ਲਿਖਿਆ ਹੈ। ਉਸ ਦਾ ਇਹ ਭਾਵ ਹੈ ਕਿ ਜਿਹੜਾ ਉਹ ਉਚਾਰਨ ਕੀਤਾ ਹੈ। ਬਿਲਕੁਲ ਉਹੀ ਉਚਾਰਨ ਦਿੱਤੇ ਹੋਏ ਪੰਨੇ ਉੱਤੇ ਹੈ। ਸਿਰਫ਼ ਉਚਾਰਨ ਦਾ ਸ਼ੰਕਾ ਨਵਿਰਤ ਕਰਨ ਖ਼ਾਤਰ ਪੰਨਾ ਦਿੱਤਾ ਗਿਆ ਹੈ।

# ਔਖੇ ਅੱਖਰਾਂ ਵਾਲੇ ਸ਼ਬਦਾਂ ਦਾ ਉਚਾਰਨ

## ਪੰਨਾ ੧ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧ | ੧ਓ | ਇਕ ਓਅੰਕਾਰ | ਪ੍ਰਭੂ ਇਕ ਹੈ | ੧ ਓਮ, ਇਕ ਓਅੰਗਕਾਰ ਏਕਮਕਾਰ ਇਹ ਸਾਰੇ ਅਸ਼ੁੱਧ ਉਚਾਰਨ ਹਨ। |

## ਪੰਨਾ ੧੩ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪॥੩ | ਅਨਦਿਨੋੁ | ਅਨਦਿਨੋ | ਦਿਨ ਰਾਤ | |
| ੨ | ਤੁੋਹੀ | ਤੋਹੀ | ਤੇਰੇ | |

## ਪੰਨਾ ੨੧ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧॥੪॥੧੯ | ਲੁੱਭਾਨੁ | ਲੁਭਾਨੁ | ਲੁਭਾਇਮਾਨ ਹੋ ਰਿਹਾ ਹੈ | |

## ਪੰਨਾ ੨੫ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪॥੩੧ | ਜਹਾਨੋੁ | ਜਹਾਨੋ | ਜਹਾਨ-ਦੁਨੀਆਂ ਸੰਸਾਰ | |
| ੪॥੩੧ | ਮਿਆਨੋੁ | ਮਿਆਨੋ | ਵਿਚਕਾਰ-ਵਿਚਾਲੇ ਦਰਮਿਆਨ | |

## ਪੰਨਾ ੫੯

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੭ | ਤੁੋਲਾਇਸੀ | ਤੁਲਾਇਸੀ | ਤੁਲਾਏਗਾ | ਆਪੇ ਪੂਰਾ ਤੁਲਾਏਗਾ। |

## ਪੰਨਾ ੭੩

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩॥ | ਦੁਯਾ | ਦੁਈਆ | ਦੂਜਾ-ਦੂਸਰਾ | ਗੁਰੂ ਤੋਂ ਬਗ਼ੈਰ ਹੋਰ ਦੂਜਾ ਨਹੀਂ। |

## ਪੰਨਾ ੬੭

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਜੁੋਲਾਹਾ | ਜੁਲਾਹਾ | ਜੁਲਾਹਾ ਜਾਤਿ ਹੈ | ਨਾਮਾ ਛੀਪਾ, ਕਬੀਰ ਜੁੋਲਾਹਾ॥ |

## ਪੰਨਾ ੭੪

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧੭ | ਦਯੁ | ਦਈ-ਦਈਵ | ਵਾਹਿਗੁਰੂ-ਪ੍ਰਭੂ | ਦਯੁ ਬੈਠਾ ਵੇਖੈ ਆਪ ਜੀਉ॥ |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨੧ \|\|੨\|\|੨੯ | ਦਯੈ | ਦਈਐ<br>ਦੇਖੋ ਪੰਨਾ ੮੩੬ | ਵਾਹਿਗੁਰੂ ਦੀ | ਮੈਂ ਜੁਗਿ ਜੁਗਿ ਦਯੈ ਸੇਵੜੀ।<br>ਮੈਂ ਜੁਗਾਂ-ਜੁਗਾਂਤਰਾਂ ਤੋਂ ਵਾਹਿਗੁਰੂ ਦੀ ਹੀ ਸੇਵਾ ਕੀਤੀ ਹੈ। ਪ੍ਰਭੂ ਦੀ ਸੇਵਾ ਕੀਤੀ ਹੈ। |
| | | **ਪੰਨਾ ੭੫** | | |
| ੪ \|\|੧\|\| | ਦੁੋਆਲੈ | ਦੁਆਲੇ | ਇਰਦ-ਗਿਰਦ | |
| | | **ਪੰਨਾ ੭੯** | | |
| ੫ \|\|੧ | ਸੁੋਹੰਦੀ | ਸੁਹੰਦੀ | ਚੰਗੀ ਲੱਗਦੀ ਹੈ | |
| | | **ਪੰਨਾ ੧੦੪** | | |
| ੨੬ \|\|੩੩ | ਗੁੋਪਾਲਾ | ਗੁਪਾਲਾ | ਧਰਤੀ ਦਾ ਮਾਲਿਕ | ਤੁਮਰੀ ਓਟ ਗੁੋਪਾਲਾ ਜੀਉ \|\| |
| | | **ਪੰਨਾ ੧੩੨** | | |
| ੧ | ਦਯੁ ਸਮਾਲੀਐ | ਦਈ ਸਮਾਲੀਐ | ਪ੍ਰਭੂ ਨੂੰ ਯਾਦ ਕਰੀਐ | ਨਿਤ ਨਿਤ ਦਯੁ ਸਮਾਲੀਐ \|\|<br>ਹਰ ਰੋਜ਼ ਵਾਹਿਗੁਰੂ ਸਿਮਰੀਏ। |
| | | **ਪੰਨਾ ੧੩੭** | | |
| ੨ | ਭਯਾ<br>ਭਯਾ | ਭਈਆ<br>ਭਇਆ<br>ਦੇਖੋ ਪੰਨਾ ੧੩੯੬-੧੪੦੬ | ਭਰਾ-ਭਈਆ<br>ਹੋ ਗਿਆ | ਤੀਜੈ ਭਯਾ ਭਾਭੀ ਬੇਬ \|\|<br>ਆਤਮੁ ਰੰਗਿ ਚਲੂਲੁ ਭਯਾ \|\|<br>ਆਤਮਾ ਨੂੰ ਪ੍ਰਭੂ ਦਾ ਗੂੜ੍ਹਾ ਰੰਗ ਹੋ ਗਿਆ। |
| | | **ਪੰਨਾ ੧੪੧** | | |
| ੮ | ਰਯਤਿ | ਰਈਅਤ<br>ਦੇਖੋ ਪੰਨਾ ੭੯੩ | ਪਰਜਾ-<br>ਪਬਲਿਕ | |
| | | **ਪੰਨਾ ੨੦੩** | | |
| ੫ \|\|੧ \|\|੧੧੬ | ਦਯ | ਦਈ-<br>ਦੇਖੋ ਪੰਨਾ ੮੨੨<br>ਅਤੇ ੧੧੫੨ | ਹੇ ਵਾਹਿਗੁਰੂ | ਦਯ ਗੁਸਾਈਂ ਮੀਤੁਲਾ \|\|<br>ਹੇ ਕਰਤਾਰ ਮਿੱਤਰ ਪ੍ਰਭੂ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੨੪੬** | | |
| ੪॥੫॥੭॥ | ਮੁਯੇ | ਮੁਈਏ | ਮਰ ਜਾਣੀਏ | ਰਸਨਾ ਹਰਿ ਰਸੁ ਚਾਖੁ ਮੁਯੇ ਜੀਉ, ਅਨ ਰਸ ਸਾਦ ਗਵਾਏ॥ ਹੇ ਜੀਭੇ ਮੇਰੀਏ ਮੋਈਏ, ਹੋਰ ਰਸ ਛੱਡ ਕੇ ਕੇਵਲ ਨਾਮ ਜਪ। |
| | | **ਪੰਨਾ ੨੫੦** | | |
| ੩ | ਪਾਯੰ | ਪਾਇਅੰ | ਪੈਰੀ ਪੈਣਾ | ਗੁਰੂ ਜਿਸ ਤੇ ਕਿਰਪਾ ਕਰਦਾ ਹੈ ਉਹੋ ਹੀ ਗੁਰੂ ਚਰਨੀਂ ਲੱਗਦਾ ਹੈ। ਫ਼ਿਰ ਉਹ ਵਾਹਿਗੁਰੂ ਦੇ ਗੁਣ ਗਾ-ਗਾ ਕੇ ਸੁਣਾਉਂਦਾ ਹੈ। |
| ੩ | ਸੁਨਾਯੰ | ਸੁਨਾਇਅੰ | ਸੁਣਾਉਂਦਾ ਹੈ | |
| | | **ਪੰਨਾ ੨੬੧** | | |
| ੫੪ | ਵਖ੍ਯਾਨਾ | ਵਖਿਆਨਾ ਦੇਖੋ ਪੰਨਾ ੭੯੭ | ਵਖਿਆਨ ਕਰਨਾ | ਕਥਾ ਕਰਨੀ, ਗੁਰੂ ਜੱਸ ਕਰਨਾ। |
| | | **ਪੰਨਾ ੨੬੨, ੨੬੪** | | |
| ੧ | ਸੁਧਾਖ੍ਯਰ | ਸੁਧਾਖਿਅਰ | ਸ਼ੁੱਧ ਅੱਖਰਾਂ | ਸ਼ੁੱਧ ਅੱਖਰਾਂ ਵਾਲੇ ਵੇਦ, ਪੁਰਾਣ ਗ੍ਰੰਥ। |
| ੧ | ਆਖ੍ਯਰ | ਆਖਿਅਰ | ਵਾਲੇ | |
| ੨ | ਬੰਧੁ ਨ ਪਰੈ | ਬੰਧ ਨ ਪਰੈ | | ਬੰਧਨ ਪਰੈ, ਅਸ਼ੁੱਧ ਉਚਾਰਨ ਹੈ। |
| | | **ਪੰਨਾ ੨੭੩** | | |
| ੭ | ਅਧਾਖ੍ਯਰੁ | ਅਧਾਖਿਅਰ | ਅੱਧਾ ਅੱਖਰ | ਬ੍ਰਹਮ ਗਿਆਨੀ ਦੀ ਅੱਧਾ ਅੱਖਰ ਜਿੰਨੀ (ਰਤੀ ਭਰ) ਵੀ ਵਡਿਆਈ ਨਹੀਂ ਕੀਤੀ ਜਾ ਸਕਦੀ। |
| | | **ਪੰਨਾ ੨੭੭** | | |
| ੭ | ਬਖ੍ਯਾਨੁ | ਬਖਿਆਨ | ਵਖਿਆਨ | ਕਦੇ ਪੰਡਿਤ ਬਣ ਕੇ ਵਖਿਆਨ ਕਰਦਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੨੭੯** | | |
| ੮॥੧੨॥ | ਬਖੵਾਣੀ | ਬਖਿਆਣੀ | ਬਿਆਨੀ-ਆਖੀ | ਘਟਿ ਘਟਿ ਸੁਨੀ, ਸ੍ਰਵਣ ਬਖੵਾਣੀ॥ ਘਟਾਂ ਘਟਾਂ ਵਿੱਚ ਕੰਨਾਂ ਨਾਲ ਸੁਣੀ ਜਾ ਰਹੀ ਹੈ ਅਤੇ ਜ਼ਬਾਨ ਨਾਲ ਬਿਆਨੀ ਜਾ ਰਹੀ ਹੈ। |
| | | **ਪੰਨਾ ੨੮੭** | | |
| ੪ | ਅਖੵਓ | ਅਖਇਅਓ | ਨਾਸ਼ ਤੋਂ ਰਹਿਤ | ਗੁਰ ਮੰਤ੍ਰ-ਪ੍ਰਭੂ ਨਾਮ, ਨਾਸ਼ ਤੋਂ ਰਹਿਤ ਹੈ। |
| | | **ਪੰਨਾ ੨੯੨** | | |
| ੭ | ਬਖੵਾਨ | ਬਖਿਆਨੁ ਦੇਖੋ ਪੰਨਾ ੯੦ | ਵਿਆਖਿਆ | ਅਨਿਕ ਪ੍ਰਕਾਰ ਕੀਓ ਬਖੵਾਨ॥ ਅਨੇਕ ਤਰ੍ਹਾਂ ਦੇ ਵਖਿਆਨ ਕੀਤੇ। |
| | | **ਪੰਨਾ ੨੯੪** | | |
| ੩ | ਨਖੵਤ੍ਰ | ਨਖਿਅਤ੍ਰ | ਤਾਰੇ | ਸੂਰਜ ਚੰਦ ਤਾਰੇ। |
| | | **ਪੰਨਾ ੩੦੩** | | |
| ੧ | ਦਯਿ | ਦਈਇ | ਪ੍ਰਭੂ-ਵਾਹਿਗੁਰੂ | ਓਹਿ ਤੇਹੋ ਜੇਹੇ ਦਯਿ ਵਜਾਏ॥ ਵਾਹਿਗੁਰੂ ਨੇ ਓਹੋ ਜਿਹੇ ਨਸ਼ਰ ਕੀਤੇ। |
| | | **ਪੰਨਾ ੩੧੬** | | |
| ੧॥੩੧ | ਅੰਧੵਾਰੁ | ਅੰਧਿਆਰ | ਅਗਿਆਨਤਾ ਦਾ ਹਨੇਰਾ | ਅੰਤਰਿ ਤਿਸਨਾ ਬਹੁ ਅਗਿਆਨੁ ਅੰਧੵਾਰੁ। ਅੰਦਰ ਬਹੁਤ ਪਦਾਰਥਾਂ ਦੀ ਤ੍ਰਿਸ਼ਨਾ ਅਤੇ ਅਗਿਆਨਤਾ ਦਾ ਹਨੇਰਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੩੨੩** | | |
| ੧੯ | ਦਯੁ | ਦਈ-ਦਈਵ | ਕਰਤਾਰ-ਪਰਮਾਤਮਾ ਪ੍ਰਭੂ ਨੂੰ | ਦਯੁ ਸੇਵਿ ਅਮਿਤਾ॥ ਕਰਤਾਰ ਨੂੰ ਸਿਮਰ, ਜੋ ਹੱਦ ਬੰਨੇ ਤੋਂ ਰਹਿਤ ਹੈ। |
| | | **ਪੰਨਾ ੩੨੮** | | |
| ੩ ॥੨੩ | ਰਮਯੇ ਕਉ | ਰਮਈਏ ਕਉਂ ਦੇਖੋ ਪੰਨਾ ੩੪੫ | ਪਰਮੇਸ਼ਰ ਨੂੰ | ਸੋ ਰਮਯੇ ਕਉਂ ਮਿਲੈ ਨ ਸੁਪਨੈ॥ ਮਾਇਆਧਾਰੀ ਨੂੰ ਪਰਮੇ-ਸ਼ਰ ਸੁਪਨੇ ਵਿੱਚ ਵੀ ਨਹੀਂ ਮਿਲ ਸਕਦਾ। |
| | | **ਪੰਨਾ ੩੩੧** | | |
| ੪੩ | ਗ੍ਯਾਨ | ਗਿਆਨ ਦੇਖੋ ਪੰਨਾ ੪ | ਗਿਆਨ | ਗ੍ਯਾਨ ਕੀ ਆਈ ਆਂਧੀ॥ |
| | | **ਪੰਨਾ ੩੩੬** | | |
| ੧ ॥੬ ॥੫੭ | ਮਾਯਾ | ਮਾਇਆ ਦੇਖੋ ਪੰਨਾ ੬ | ਮੋਹ ਮਾਇਆ | ਮਨ ਬਉਰਾ ਰੇ, ਮਾਯਾ ਇਹੁ ਬਿਉਹਾਰੁ॥ ਏ ਮਨਾ ਮਾਇਆ ਦਾ ਇਹ ਵਰਤਾਰਾ ਹੈ। |
| | | **ਪੰਨਾ ੩੪੬** | | |
| ੪ ॥੧ ॥ | ਬ੍ਯਾਪਾਰੁ | ਬਿਆਪਾਰ | ਵਣਜ-ਵਾਪਾਰ | ਹਉ ਬਨਜਾਰੋ ਰਾਮ ਕੋ, ਸਹਜ ਕਰਉ ਬ੍ਯਾਪਾਰੁ॥ ਮੈਂ ਰਾਮ ਦਾ ਵਣਜਾਰਾ ਹਾਂ ਅਤੇ ਗਿਆਨ ਦਾ ਵਪਾਰ ਕਰਦਾ ਹਾਂ। |
| | | **ਪੰਨਾ ੩੭੯** | | |
| ੧ | ਜੋੁਆਨੀ | ਜੁਆਨੀ | ਜੁਆਨੀ ਸਰੀਰਕ | |
| | | **ਪੰਨਾ ੩੮੩** | | |
| ੪ ॥੯ ॥੪੮ | ਸੋੁਹੇਲਾ | ਸੋਹੇਲਾ | ਸਫ਼ਲ ਹੋਇਆ | |
| | | **ਪੰਨਾ ੪੦੦** | | |
| ੪ ॥੧੬ ॥੧੧੮ | ਸੋੁਹਾਗਣਿ | ਸੁਹਾਗਣਿ | ਸੁਹਾਗਣ | ਸਾਈ ਸੋੁਹਾਗਣਿ ਨਾਨਕਾ, ਜੋ ਭਾਣੀ ਕਰਤਾਰੁ ਗੀ॥ |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੪੩੪** | | |
| ਪਟੀ | ਅਯੋ ਅੰਙੈ | ਅਇਓ ਅੰਙੈ | ਗੁਰਮੁੱਖੀ ਅੱਖਰ | |
| | | **ਪੰਨਾ ੪੬੩** | | |
| ੧ | ਦੁਯੀ | ਦੁਈ | ਆਪਣੇ ਆਪ ਤੋਂ ਬਾਹਰ ਦੂਜਾ | ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦੂਜੀ (ਭਾਵ ਮਾਇਆ) ਬਣਾਈ ਹੈ ਅਤੇ ਆਪ ਆਪਣੇ ਆਸਣ 'ਤੇ ਬੈਠ ਕੇ ਚਾਅ ਨਾਲ ਦੇਖ ਰਿਹਾ ਹੈ। |
| | | **ਪੰਨਾ ੪੪੨** | | |
| ੪ ॥੧ ॥੮ | ਗੋੁਵਿੰਦ | ਗੁਵਿੰਦ | ਪਰਮੇਸ਼ਰ | |
| | | **ਪੰਨਾ ੪੬੯** | | |
| ੧੧ | ਰਯਤਿ | ਰਈਅਤਿ | ਪਰਜਾ | |
| ੪ | ਬਾਸੁਦੇਵਸਿ | ਬਾਸੁਦੇਵਸਿਅ | ਵਾਸਦੇਵ | ਪ੍ਰਮਾਤਮਾ ਦਾ ਸਰੂਪ। |
| | | **ਪੰਨਾ ੪੮੪** | | |
| ੪ ॥੪ ॥੩੭ | ਅਯਾਨਾ | ਅਇਆਨਾ ਦੇਖੋ ਪੰਨਾ ੧੧੨੪ | ਇਆਣਾ | ਨਾਹੀ ਰਾਮੁ ਅਯਾਨਾ ॥ ਪਰਮਾਤਮਾ ਕੋਈ ਇਆਣਾ ਨਹੀਂ। |
| | | **ਪੰਨਾ ੪੮੭** | | |
| ੪ ॥੨ ॥ | ਗੁਨੀਯ | ਗੁਨੀਅ | ਗੁਣ ਵਾਲਾ | ਨੀਚ ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ ॥ ਨੀਵੀਂ ਕੁਲ ਦਾ ਜੁਲਾਹਾ, ਹੁਣ ਗੁਣਾਂ ਦਾ ਸਮੁੰਦਰ ਬਣ ਗਿਆ ਹੈ। |
| | | **ਪੰਨਾ ੪੮੮** | | |
| ੩ ॥੩ | ਦਯਾਲ ਦਮੋਦਰ | ਦਇਆਲ ਦਮੋਦਰ ਦੇਖੋ ਪੰਨਾ ੪੯ | ਦਇਆਲੂ-ਪ੍ਰਭੂ | ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ। ਹੇ ਮਨ! ਤੂੰ ਕਿਉਂ ਦਿਆਲੂ ਹਰੀ ਨੂੰ ਯਾਦ ਨਹੀਂ ਕਰਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੮॥੨॥ | ਹੈਯਾਤੀ | ਹੈਆਤੀ | ਉਮਰ ਭਰ- ਹਮੇਸ਼ਾਂ | ਸ਼ੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥ ਜਗਤ ਵਿੱਚ ਕੋਈ ਵੀ ਹਮੇਸ਼ਾ ਜਿਊਂਦਾ ਨਹੀਂ ਰਿਹਾ। |
| | | **ਪੰਨਾ ੫੦੦** | | |
| ੨॥੧੨॥੨੧ | ਜਖੵ | ਜਖਿਅ | ਦੇਵਤਿਆਂ ਦੀ ਕਿਸਮ ਹੈ। | |
| | | **ਪੰਨਾ ੫੦੮** | | |
| ੬ | ਕਟਾਖੵ | ਕਟਾਖਿਅ | ਤੱਕਣਾ- ਨਿਗਾਹ- ਦਰਿਸ਼ਟੀ | ਖਲ ਮੁਗਦ ਮੂੜ ਕਟਾਖੵ ਸ੍ਰੀਧਰ, ਭਏ ਗੁਣ ਮਤਿ ਧੀਰ॥ ਜੋ ਮਹਾਂ ਮੂਰਖ, ਮੂੜ ਸਨ, ਉਹ ਵੀ ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਗੁਣਵਾਨ ਤੇ ਧੀਰਜਵਾਨ ਹੋ ਗਏ। |
| | | **ਪੰਨਾ ੫੧੩** | | |
| ੧੨ | ਦਯਿ | ਦਈਇ | ਪਰਮਾਤਮਾ ਨੇ | ਨਾਵਹੁ ਦਯਿ ਖੁਆਇਆ। ਵਾਹਿਗੁਰੂ ਨੇ ਨਾਮ ਤੋਂ ਜੋ ਖੁੰਝਾਇਆ ਹੈ। |
| | | **ਪੰਨਾ ੫੨੫** | | |
| ੫॥੧॥ | ਬੇੜ੍ਹੇ | ਬੇਰਏ | ਲਿਪਟਿਆ | ਮੈਲਾਗਰ ਬੇੜ੍ਹੇ ਹੈ ਭੁਇਅੰਗਾ॥ ਚੰਦਨ ਦੇ ਬੂਟਿਆਂ ਨੂੰ ਸੱਪਾਂ ਨੇ ਲਪੇਟਿਆ ਹੋਇਆ ਹੈ। |
| | | **ਪੰਨਾ ੫੨੬** | | |
| ੫॥੧॥ | ਪਰਾਭਯੰ | ਪਰਾਭਅੰ | ਨਿਰਾਦਰ- ਤ੍ਰਿਸਕਾਰਨਾ | ਇਛਸਿ ਜਮਾਦਿ ਪਰਾਭਯੰ ਜਸੁ ਸੁਸਤਿ ਸੁਕ੍ਰਿਤ ਕ੍ਰਿਤੰ॥ ਹੇ ਭਾਈ ! ਜੇ ਤੂੰ ਜੰਮ ਆਦਿਕਾਂ ਨੂੰ ਜਿੱਤਣਾ ਚਾਹੁੰਦਾ ਹੈਂ, ਤਾਂ ਪ੍ਰਭੂ ਜੱਸ ਕਰ, ਸ਼ੁਭ ਕਰਮ ਕਰ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੫॥੧॥ | ਸਮਬ੍ਰਿਅੰ | ਸਮਬਇਅੰ | ਸਦਾ ਇਕ ਰੱਸ ਰਹਿਣ ਵਾਲਾ | ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ ॥੨॥ ਜੋ ਪ੍ਰਭੂ ਵਰਤਮਾਨ, ਭੂਤ, ਭਵਿੱਖਤ ਕਾਲ ਵਿੱਚ ਨਾਸ਼ ਤੋਂ ਰਹਿਤ ਹੈ, ਅਤੇ ਪੂਰਨ ਅਨੰਦ ਸਰੂਪ ਹੈ। |

## ਪੰਨਾ ੫੪੯

| | | | | |
|---|---|---|---|---|
| ੧ | ਅਗ੍ਯਾਨੁ ਅੰਧਾਰੁ | ਅਗਿਆਨ ਅੰਧਾਰ | ਅਗਿਆਨਤਾ ਦਾ ਹਨੇਰਾ | |

## ਪੰਨਾ ੫੫੩

| | | | | |
|---|---|---|---|---|
| ੧੨ | ਕਾਯਾ | ਕਾਂਇਆਂ | ਸ਼ਰੀਰ-ਦੇਹ | |

## ਪੰਨਾ ੫੭੩

| | | | | |
|---|---|---|---|---|
| ੪॥੨ | ਧ੍ਯਾਇਆ | ਧਿਆਇਆ | ਧਿਆਉਣਾ-ਅਰਾਧਨਾ | |

## ਪੰਨਾ ੫੮੫

| | | | | |
|---|---|---|---|---|
| ੩ | ਆਯਾ ਚਾਉ | ਆਇਆ ਚਾਉ ਦੇਖੋ ਪੰਨਾ ੨੧ | ਚਾਅ ਆਇਆ ਹੈ | |

## ਪੰਨਾ ੫੯੯

| | | | | |
|---|---|---|---|---|
| ੪॥੧॥੧੨ | ਸਗਲ ਅੰਧ੍ਯਾਰਾ | ਸਗਲ ਅੰਧਿਆਰਾ | ਸਾਰਾ ਹਨੇਰਾ | ਤਾ ਮਿਟਿਆ ਸਗਲ ਅੰਧ੍ਯਾਰਾ ॥ ਤਾਂ ਸਾਰਾ ਹਨੇਰ ਮਿਟ ਗਿਆ। |

## ਪੰਨਾ ੬੫੭

| | | | | |
|---|---|---|---|---|
| ੪॥੧॥ | ਉਜ੍ਯਾਰਾ | ਉਜਿਆਰਾ ਦੇਖੋ ਪੰਨਾ ੯੬੯ | ਚਾਨਣ-ਪ੍ਰਕਾਸ਼ | ਜਹ ਅਨਹਤ ਸੂਰ ਉਜ੍ਯਾਰਾ ॥ ਜਿਥੇ ਬੇਅੰਤ ਸੂਰਜਾਂ ਦਾ ਚਾਨਣ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੬੭੨** | | |
| ੪ ॥੮ | ਦ੍ਰਿੜ੍ਹਾਯਾ | ਦ੍ਰਿੜਾਇਆ | ਪੱਕਾ ਕਰਵਾਇਆ | ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ ॥<br>ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਸਬਕ ਦੀ ਤਰ੍ਹਾਂ ਪੱਕਾ ਕਰਵਾਇਆ। |
| ੪ ॥੮ | ਦਿਖਾਯਾ | ਦਿਖਾਇਆ<br>ਦੇਖੋ ਪੰਨਾ ੮੬ | ਦਿਖਾ ਦਿੱਤਾ | ਜਿਨਿ ਸੀਧਾ ਮਾਰਗੁ ਦਿਖਾਯਾ ॥<br>ਘੋਰ ਹਨੇਰੇ ਜੰਗਲ ਵਿੱਚ ਸਿੱਧਾ ਰਸਤਾ ਦਿਖਾ ਦਿੱਤਾ। |
| | | **ਪੰਨਾ ੬੮੧** | | |
| ੨ ॥੧੪ ॥੪੫ | ਕਟਾਖੵ | ਕਟਾਖਿਅ-<br>ਕਟਾਖੵ | ਮੇਹਰ ਦੀ ਨਜ਼ਰ ਨਾਲ | ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ॥<br>ਕਿਰਪਾ ਦੀ ਨਜ਼ਰ ਨਾਲ ਦੇਖ ਕੇ ॥ |
| | | **ਪੰਨਾ ੬੮੨** | | |
| ੨ ॥੧੮ ॥੪੯ | ਮਧੵੰਤ | ਮਧਿਅੰਤ<br>ਮਧਿ + ਅੰਤ | ਵਿਚਕਾਰਲੀ | ਮਧੵੰਤ ਪ੍ਰਭ ਜਾਪਣ ॥<br>ਜੁਆਨੀ ਦੀ ਉਮਰ ਤੋਂ ਬੁਢਾਪੇ ਤੱਕ, ਹਰ ਸਮੇਂ ਪ੍ਰਭੂ ਦਾ ਨਾਮ ਜਪਦਾ ਰਹਿ। |
| | | **ਪੰਨਾ ੬੯੧** | | |
| ੪ ॥੧ | ਸਿੰਮ੍ਰਿਤਬੵ | ਸਿੰਮ੍ਰ ਤਬਿਅ | ਸਿਮਰਨ ਯੋਗ | |
| | | **ਪੰਨਾ ੬੯੫** | | |
| ੬ ॥੧ | ਮਿਲੵੋ | ਮਿਲਿਓ | ਮਿਲ ਗਿਆ | |
| ੨ ॥੩ | ਕਾਯਉ | ਕਾਇਅਉ<br>ਦੇਖੋ ਪੰਨਾ ੬੯੫ | ਕਾਇਆਂ-<br>ਸਰੀਰ | ਕਾਯਉ ਦੇਵਾ, ਕਾਇਅਉ ਦੇਵਲ,<br>ਹੇ ਭਾਈ ਸਰੀਰ ਹੀ ਦੇਵਤਾ ਹੈ, ਸਰੀਰ ਹੀ ਮੰਦਿਰ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੭੦੧** | | |
| ੨ ॥੧ ॥੫ ॥ | **ਆਗਿ੍** | ਆਗਿਅ | ਅੱਗੇ-ਪਾਸ ਆਗਿਆ ਮੰਨ ਕੇ | **ਅਬ ਮੈ ਸੁਖੁ ਪਾਇਓ ਗੁਰ ਆਗਿ੍ ॥** ਹੁਣ ਮੈਂ ਗੁਰੂ ਦੀ ਆਗਿਆ ਵਿੱਚ ਸੁੱਖ ਪਾਇਆ ਹੈ। |
| ,, | **ਤਿਆਗਿ੍** | ਤਿਆਗਿਅ | ਤਿਆਗ ਦਿੱਤਾ | **ਤਜੀ ਸਿਆਨਪ ਚਿੰਤ ਵਿਸਾਰੀ, ਅਹੰ ਛੋਡਿਓ ਹੈ ਤਿਆਗਿ੍ ॥** ਸਿਆਣਪ ਛੱਡ ਦਿੱਤੀ ਹੈ, ਚਿੰਤਾ ਵਿਸਾਰ ਦਿੱਤੀ ਹੈ, ਅਹੰਕਾਰ ਦਾ ਵੀ ਤਿਆਗ ਕਰ ਦਿੱਤਾ ਹੈ। |
| | | **ਪੰਨਾ ੭੧੦** | | |
| ੬ ॥੧ ॥ | **ਨ ਪਤ੍ਰਾਇ** | ਨ ਪਤਿਆਇ | ਨਹੀਂ ਪਤੀਜਦਾ | **ਅਜੌ ਨ ਪਤ੍ਰਾਇ।** ਮਨ ਅਜੇ ਵੀ ਨਹੀਂ ਪਤੀਜਦਾ। |
| | | **ਪੰਨਾ ੭੧੪** | | |
| ੨ ॥੯ ॥੧੪ ॥ | **ਦਯਾ** | ਦਇਆ ਦੇਖੋ ਪੰਨਾ ੩ | ਕਿਰਪਾ-ਮੇਹਰ | ਪਰਮਾਤਮਾ ਨੇ ਕਿਰਪਾ ਕੀਤੀ। |
| | | **ਪੰਨਾ ੭੨੭** | | |
| ੪ ॥੧ ॥ | **ਅਸਮਾਨ ਮਿ੍ਾਨੇ** | ਅਸਮਾਨ ਮਿਆਨੇ ਦੇਖੋ ਪੰਨਾ ੭੨੭ ਵਿੱਚ | ਆਸਮਾਨ ਵਿੱਚ ਦਸਮ ਦੁਆਰ | **ਅਸਮਾਨ ਮਿ੍ਾਨੇ ਲਹੰਗ ਦਰੀਆ,** ਆਕਾਸ਼ (ਦਸਮ ਦੁਆਰ ਵਿੱਚ) ਜੋ ਗੁਰ ਉਪਦੇਸ਼ ਦੇ ਨਿਰਮਲ ਜੱਲ ਦਾ ਦਰਿਆ ਵਗਦਾ ਹੈ। |
| | | **ਪੰਨਾ ੭੨੧** | | |
| ੪ ॥੧ ॥ | **ਬੁਗੋਯਦ** | ਬੁਗੋਇਅਦ | ਆਖਦਾ ਹੈ-ਕਰਦਾ ਹੈ। | **ਨਾਨਕ ਬੁਗੋਯਦ ਜਨੁ ਤੁਰਾਂ ॥** ਨਾਨਕ ਬੇਨਤੀ ਕਰਦਾ ਹੈ, ਮੈਂ ਤੇਰਾ ਦਾਸ ਹਾਂ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੮੬੬** | | |
| ੧ ॥ਰਹਾਉ | ਗੋੁਬਿੰਦੁ | ਗੁਬਿੰਦ | ਪ੍ਰਭੂ- | ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥ |
| | | **ਪੰਨਾ ੮੫੮** | | |
| ੩ ॥੨ | ਖੵਤ੍ਰੀ | ਖਅਤ੍ਰੀ-ਖਤ੍ਰੀ | ਖੱਤਰੀ ਜਾਤ | |
| | | **ਪੰਨਾ ੯੫੬** | | |
| ੨੧ ॥੧ | ਪੈਯਾ | ਪੈਇਆ-ਪਇਆ<br>ਦੇਖੋ ਪੰਨਾ ੩੧ | ਪਇਆ ਹੋਇਆ | ਜਿਨਾਂ ਧੁਰੇ ਪੈਯਾ ਪਰਵਾਣਾ ॥<br>ਜਿਨ੍ਹਾਂ ਦੇ (ਮੱਥੇ ਤੇ) ਧੁਰੋਂ ਹੀ ਲੇਖ ਲਿਖੇ ਹੋਏ ਹਨ। |
| | | **ਪੰਨਾ ੯੬੮** | | |
| ੬ | ਪਿਯੁ | ਪਿਊ<br>ਦੇਖੋ ਪੰਨਾ ੧੪੦੦ | ਪਿਉ-ਪਿਤਾ | ਪਿਯੁ ਦਾਦੇ ਜੇਵਿਆ, ਪੋਤ੍ਰਾ ਪਰਵਾਣੁ ॥<br>ਪਿਉ ਦਾਦੇ ਵਰਗਾ ਪੋਤਾ ਪ੍ਰਵਾਨ ਹੋਇਆ। |
| | | **ਪੰਨਾ ੯੯੮** | | |
| ੪ ॥੧ | ਨਖੵਤ੍ਰਾ | ਨਖਿਅਤ੍ਰਾ | ਤਾਰੇ | |
| | | **ਪੰਨਾ ੧੦੧੬** | | |
| ੭ ॥੩ ॥੧੧ | ਰਯਤਿ | ਰਈਅਤ | ਪਰਜਾ-ਜੰਤਾ | |
| | | **ਪੰਨਾ ੧੦੭੯** | | |
| ੩ | ਜਖੵ | ਜਖਿਅ | ਦੇਵਤਿਆਂ ਦੀ ਇਕ ਜਾਤ ਹੈ | |
| | | **ਪੰਨਾ ੧੧੩੭** | | |
| ੪ ॥੭ | ਦਯੁ | ਦਈ-ਦਈਵ | ਵਾਹਿਗੁਰੂ-ਪ੍ਰਭੂ | ਸ਼ਬਦਾਰਥ ਵਿੱਚ ਦਈਵ ਲਿਖਿਆ ਹੈ। |
| | | **ਪੰਨਾ ੧੨੭੨** | | |
| ੨ ॥੩ ॥੨੫ | ਗੁਨਗੵ | ਗੁਨਗਿਅ | ਗੁਣਾਂ ਦਾ ਗਿਆਤਾ | ਧੁਨਿਤ ਲਲਿਤ ਗੁਨਗੵ ਅਨਿਕ ਭਾਂਤਿ ॥<br>ਸੁੰਦਰ ਰਾਗਾਂ ਦੀਆਂ ਸੁਰਾਂ ਉਚਾਰਦੇ ਹਨ। |
| | | **ਪੰਨਾ ੧੩੦੨** | | |
| ੨ ॥੨ ॥੨੧ | ਕ੍ਰਿਤਗੵ | ਕ੍ਰਿਤਗਿਅ | ਕਰਨ ਯੋਗ ਕਰਨਹਾਰ ਹਰੀ | ਕਰਤ ਰਹੇ ਕ੍ਰਿਤਗੵ ਕਰੁਣਾ ਮੈ, ਅੰਤਰਜਾਮੀ ਗ੍ਯਾਨ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੩੦੨** | | |
| ੨॥੨॥੨੧ | ਗਿਾਨੁ | ਗਿਆਨ ਦੇਖੋ ਪੰਨਾ ੭ | ਗਿਆਨ ਸਰੂਪ | ਹੇ ਭਾਈ! ਸਭ ਦੇ ਦਿਲ ਦੀ ਜਾਨਣ ਵਾਲੇ, ਦਇਆਵਾਨ ਗਿਆਨ ਸਰੂਪ ਹਰੀ ਦੇ ਗੁਣਾਂ ਦੀਆਂ ਗੱਲਾਂ ਕਰਦੇ ਰਹਿੰਦੇ ਹਨ। |
| | | **ਪੰਨਾ ੧੩੧੯** | | |
| ੧ | ਪਾਯਾ | ਪਾਇਆ ਦੇਖੋ ਪੰਨਾ ੭ | ਪਾ ਲਿਆ | |
| | | **ਪੰਨਾ ੧੩੨੫** | | |
| ੮॥੩ | ਜਗੵ | ਜਗਿਅ-ਜੱਗ | ਜੱਗ ਕਰਨਾ | ਜੱਗ ਕਰਨੇ, ਦਾਨ ਪੁੰਨ ਕਰਨੇ। |
| | | **ਪੰਨਾ ੧੩੫੩ (ਸਹਸਕ੍ਰਿਤੀ ਸ਼ਲੋਕ ਸ਼ੁਰੂ)** | | |
| ੧ | ਧ੍ਹਾਵੈ | ਧਿਆਵੈ ਦੇਖੋ ਪੰਨਾ ੭੬ | ਧਿਆਉਂਦਾ ਹੈ | ਕਹੁ ਨਾਨਕ ਨਿਸਚੌ ਧ੍ਹਾਵੈ॥ ਨਾਨਕ! (ਤੂੰ) ਆਖ ਕਿ ਜਿਹੜਾ ਨਿਸਚੇ ਨਾਲ ਧਿਆਉਂਦਾ ਹੈ। |
| ੨ | ਤਸੵ | ਤਸਿਅ | ਤਿਸਦਾ | ਨਿਹਫਲੰ ਤਸੵ ਜਨਮਸੵ, |
| ,, | ਜਨਮਸੵ | ਜਨਮਸਿਅ | ਜਨਮ | ਜਾਵਦ ਬ੍ਰਹਮ ਨ ਬਿੰਦਤੇ॥ ਜਦੋਂ ਤੱਕ ਪਰਮਾਤਮਾ ਨੂੰ ਜੀਅ ਜਾਣਦਾ ਬੁਝਦਾ ਨਹੀਂ, ਤਦ ਤੱਕ ਉਸ ਦਾ ਜਨਮ ਨਿਸਫ਼ਲ ਹੈ। |
| ,, | ਸੰਸਾਰਸੵ | ਸੰਨਾਰਸਿਅ | ਸੰਸਾਰ | ਸਾਗਰੰ ਸੰਸਾਰਸੵ, ਗੁਰ ਪਰਸਾਦੀ ਤਰਹਿ ਕੇ॥ ਗੁਰੂ ਦੀ ਕਿਰਪਾ ਨਾਲ, ਕਈ ਸੰਸਾਰ ਸਾਗਰ ਵਿੱਚੋਂ ਤਰ ਜਾਂਦੇ ਹਨ। |
| ੩ | ਖੵਤ੍ਰੀ | ਖਅਤ੍ਰੀ-ਖਤ੍ਰੀ | ਖਤਰੀ ਜਾਤ ਹੈ | |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੩੫੩** | | |
| ੪ | ਬਾਸੁਦੇਵਸੁ | ਬਾਸੁਦੇਵਸਿਅ- ਬਾਸਵਦੇਵਸਿਅ | ਵਾਸਦੇਵ | ਆਤਮੰ ਸ੍ਰੀ ਬਾਸੁਦੇਵਸੁ, ਜੇ ਕੋਈ ਜਾਨਸਿ ਭੇਵ॥ ਜੇ ਕੋਈ ਇਸ ਭੇਦ ਨੂੰ ਜਾਣ ਲਵੇ ਕਿ ਹਰ ਇਕ ਵਿੱਚ ਵਸ ਕੇ ਉਹ ਪ੍ਰਕਾਸ਼ ਦੇਣ ਵਾਲਾ ਪਰਮਾਤਮਾ ਆਪ ਹੈ। |
| | | **ਪੰਨਾ ੧੩੫੪** | | |
| ੧ | ਕੁਟੰਬ੍ਰਤੇ | ਕੁਟੰਬਿਅਤੇ | ਸਾਕ ਸਬੰਧੀ | ਕਤੰਚ ਮੋਹ ਕੁਟੰਬ੍ਰਤੇ॥ ਕਿਥੈ ਹੈ ਪਰਿਵਾਰ ਦਾ ਮੋਹ। |
| ,, | ਲਬਧੵੰ | ਲਭਧਿਅੰ | ਪ੍ਰਾਪਤ ਹੁੰਦਾ ਹੈ | ਲਬੰਧੵ ਅਚੁਤ ਤਨਹ॥ ਪ੍ਰਭੂ ਭਗਤਾਂ ਕੋਲੋਂ, ਨਾਮ ਪ੍ਰਾਪਤ ਹੁੰਦਾ ਹੈ। |
| ੨ | ਸਤ੍ਰਿੰ | ਸਤਿਅੰ | ਸਚਾ | ਸਾਧ ਸੰਗ ਸ੍ਨੇਹ ਸਤ੍ਰਿੰ, |
| ੨ | ਸੁਖਯੰ-ਸਖੵੰ | ਸੁਖਿਅੰ | ਸੁਖ ਵਿੱਚ | ਸੁਖਯੰ ਬਸੰਤਿ ਨਾਨਕਹ॥੨॥ ਗੁਰੂ ਨਾਨਕ ਜੀ ਫ਼ੁਰਮਾਉਂਦੇ ਹਨ, ਸਤਿਸੰਗ ਨਾਲ ਪਿਆਰ ਕਰਨ ਵਾਲੇ ਸਦਾ ਸੁਖੀ ਵਸਦੇ ਹਨ। |
| ੩ | ਮਿਥੵੰਤ | ਮਿਥਿਅੰਤ | ਝੂਠੀ ਮਿਥਿਆ | ਮਿਥੵੰਤ ਦੇਹੰ, ਮਾਣਸ ਦੇਹ ਮਿਥਿਆ ਹੈ। |
| ੩ | ਹਿਤ੍ਵੰਤ | ਹਿਤਿਅੰਤ | ਹਿਤ-ਮੋਹ ਪਿਆਰ | ਹਿਤ੍ਵੰਤ ਮਾਇਆ, ਮਾਇਆ ਦਾ ਮੋਹ |
| ੩ | ਅਤ੍ਵੰਤ | ਅਤਿਅੰਤ | ਬਹੁਤ | ਅਤ੍ਵੰਤ ਆਸਾ, ਆਥਿਤ੍ਵ ਭਵਣੰ॥ |
| ੩ | ਆਥਿਤ੍ਵ | ਆਥਿਤਯ- ਆਥਿਤਅ | ਨਾਸ਼ਵੰਤ | (ਪਦਾਰਥਾਂ ਦੀ) ਆਸ ਵਧਦੀ ਹੈ, ਪਰ ਜਿਸ ਘਰ ਵਿੱਚ ਰਹਿੰਦਾ ਹੈ ਉਹ ਘਰ ਵੀ ਨਾਸ਼ਵਾਨ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਭੈਯਾਨ | ਭੈਆਨ | ਭਿਆਨਕ ਡਰਾਉਣੇ | ਭੈਯਾਨ ਧਰਮੰ, ਧਰਮ ਰਾਜਾ ਦੇ ਡਰਾਉਣੇ ਜੰਮਦੂਤ। |
| ੩ | ਦੁਰਲਭ੍ ਦੇਹੰ | ਦੁਰੱਲਭਿਅ ਦੇਹੰ | ਔਖੀ ਲੱਭਣ ਵਾਲੀ ਦੇਹੀ | ਦੁਰਲਭ੍ ਦੇਹੰ, ਤਤ ਆਸ੍ਰਯੰ ਨਾਨਕ॥ |
| ੩ | ਆਸ੍ਰਯੰ | ਆਸ੍ਰੰਅ | ਆਸਰਾ | ਔਖਾ ਮਿਲਿਆ ਇਹ ਸਰੀਰ, ਮੋਹ ਮਾਇਆ ਵਿੱਚ ਡਿਗਿਆ ਹੈ, ਪਰ ਹਰੀ ਦਾ ਨਾਮ ਹੀ ਆਸਰਾ ਹੈ। |
| ੪ | ਤੋਯੰ | ਤੋਅੰ | ਜਲ | ਕਾਚ ਕੋਟੰ ਰਚੰਤਿ ਤੋਯੰ, (ਹੇ ਭਾਈ) ਇਹ ਕੱਚਾ ਕਿਲਾ ਹੈ, ਵੀਰਜ ਤੋਂ ਬਣਿਆ ਹੈ। |
| ੫ | ਤ੍ਵਯੰ | ਤੁਇਅੰ | ਤੂੰ-ਹੇ | |
| ੫ | ਗੁਣਗ੍ਯੰ | ਗੁਣੱਗਿਅੰ | ਗੁਣਾਂ ਦਾ ਗਿਆਤਾ | ਸੁਭੰਤ ਤ੍ਵਯੰ, ਅਚੁਤ ਗੁਣਗ੍ਯੰ, ਹੇ ਅਬਿਨਾਸੀ, ਗੁਣਾਂ ਦੇ ਗਿਆਤੇ। |
| ੫ | ਸਰਬਗ੍ਯ | ਸਰਬਗਿਅ | ਸੱਭ ਦੀ ਜਾਨਣਹਾਰ | |
| ੬ | ਲਖ੍ਯ | ਲਖਿਅ | ਲਕਸ਼-ਨਿਸ਼ਾਨਾ | ਮ੍ਰਿਗੀ ਪੇਖੰਤ, ਬਧਿਕ ਪ੍ਰਹਾਰੇਣ, ਲਖ੍ਯ ਆਵਧਹ॥ ਹਿਰਨੀ ਨੂੰ ਦੇਖ ਕੇ ਸ਼ਿਕਾਰੀ ਹਥਿਆਰ ਦਾ ਨਿਸ਼ਾਨਾ ਮਾਰਦਾ ਹੈ। |
| ੬ | ਜਸ੍ਯ | ਜਸਿਅ | ਜਿਸਦਾ | ਅਹੋ ਜਸ੍ਯ, ਰਖੇਣ |
| ੬ | ਰੋਮ ਨ ਛੇਦ੍ਰਤੇ | ਰੋਮ ਨ ਛੇਦਿਅਤੇ | ਵਾਲ ਵਿੰਗਾ ਨ ਹੋਣਾ | ਗੋਪਾਲਹ, ਨਾਨਕ ਰੋਮ ਨ ਛੇਦ੍ਰਤੇ। ਨਾਨਕ ਜੀ ਆਖਦੇ ਹਨ, ਜਿਸ ਦਾ ਰਾਖਾ ਪ੍ਰਭੂ ਹੋਵੇ, ਉਸ ਦਾ ਵਾਲ ਵਿੰਗਾ ਨਹੀਂ ਹੁੰਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੩੫੪** | | |
| ੮ | ਸਰਬਤ੍ਰ ਥਾਨਿੰ | ਸਰਬਤ੍ਰ ਥਾਨਿਅੰ | ਸਾਰਿਆਂ ਥਾਵਾਂ ਤੇ | |
| ੧੦ | ਲਖ੍ਹਿਣ | ਲਖਿਅਣ | ਲਛਣ | ਪ੍ਰਾਪਤੰ ਧਰਮ ਲਖ੍ਹਿਣ॥ |
| ੯ | ਨਖ੍ਹਤ੍ਰ | ਨਖਿਅਤ੍ਰ ਦੇਖੋ ਪੰਨਾ ੪੫੬ | ਤਾਰੇ | ਧਰਮ ਦੇ ਲੱਛਣ ਪ੍ਰਾਪਤ ਹੋ ਜਾਂਦੇ ਹਨ। ਭਾਵ ਭਗਤੀ ਕਰਨ ਵਾਲੇ ਧਰਮੀਆਂ ਦੇ ਲੱਛਣਾਂ ਤੋਂ ਪਤਾ ਲੱਗ ਜਾਂਦਾ ਹੈ। |
| ੧੧ | ਅ੍ਹਲਪ ਬੁਧੰ੍ਹ | ਅਲਪ ਬੁਧਿਅੰ | ਤੁੱਛ ਬੁੱਧੀ ਵਾਲਾ | |
| | | **ਪੰਨਾ ੧੩੫੫** | | |
| ੧੧ | ਇਤ੍ਹੰਤ | ਇਤਿਅੰਤ | ਇਤਨੀ ਜ਼ਿਆਦਾ | ਇਤ੍ਹੰਤ ਮਾਇਆ ਬ੍ਹਾਪਿਤੰ॥ |
| ,, | ਬ੍ਹਾਪਿਤੰ | ਬਿਆਪਿਤੰ | ਵਿਆਪਦੀ ਹੈ। | ਇਤਨੀ ਜ਼ਿਆਦਾ ਮਾਇਆ ਲੱਗੀ ਹੋਈ ਹੈ। |
| ੧੩ | ਬਿਗਸੀਧ੍ਹਿ ਬੁਧਾ | ਬਿਗਸੀਧਿਅ ਬੁਧਾ | ਬਿਗਾਸ-ਖੇੜਾ | ਬਿਗਸੀਧ੍ਹਿ ਬੁਧਾ, ਬੁੱਧੀ ਵਿੱਚ ਬਿਗਾਸ ਆ ਜਾਂਦਾ ਹੈ। |
| ,, | ਬਸ੍ਹਿੰਤ ਰਿਖ੍ਹਿਅੰ | ਬਸਿਅੰਤ ਰਖਿਅੰ | ਵੱਸ ਵਿੱਚ, ਆ ਜਾਣਾ | ਬਸ੍ਹਿੰਤ ਰਿਖ੍ਹਿਅੰ, ਤਿਆਗਿ ਮਾਨੰ॥ ਮਾਨ ਤਿਆਗਣ ਨਾਲ ਕਰਮ ਇਦਰੇ ਵੱਸ ਵਿੱਚ ਆ ਜਾਂਦੇ ਹਨ। |
| | ਰਿਦ੍ਹੰ | ਰਿਦਿਅੰ | ਹਿਰਦਾ-ਮਨ | ਸਤਿਲੰਤ ਰਿਦ੍ਹੰ, ਦ੍ਰਿੜ੍ਹ ਸੰਤ ਗਿਆਨੰ॥ ਨਾਮ ਜਪਣ ਨਾਲ ਹਿਰਦੇ ਵਿੱਚ ਸ਼ਾਂਤੀ ਆ ਜਾਂਦੀ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧੬ | ਅਨਿਤ੍ਰ ਵਿਤੰ | ਅਨਿਤਿਅ ਵਿਤੰ | ਨਿਤ ਨ ਰਹਿਣ ਵਾਲਾ | ਅਨਿਤ੍ਰ ਵਿਤੰ ਅਨਿਤ੍ਰ ਚਿਤੰ, ਧਨ ਸਦਾ ਰਹਿਣ ਵਾਲਾ ਨਹੀਂ ਹੈ, ਜਿਸ ਦੇ ਚਿੱਤ ਵਿੱਚ ਹਰ ਵੇਲੇ ਮਾਇਆ ਹੈ। ਉਹ ਵੀ ਨਾਸ਼ਵਾਨ ਹੈ। |
| ,, | ਮਲੀਣ ਬੁਧੵੰ | ਮਲੀਨ ਬ੍ਰਿਧਿਅੰ | ਮਲੀਨ ਬੁੱਧੀ | ਨਹ ਸਿਮਰੰਤ ਮਲੀਣ ਬੁਧੵੰ, ਸਿਮਰਨ ਤੋਂ ਬਗੈਰ ਬੁੱਧੀ ਮਲੀਨ ਹੈ। |
| ੧੭ | ਦੇਦੀਪੵ | ਦੇਦੀਪਿਅ | ਦੇਹ ਮਚਦੀ ਹੈ ਅੱਗ ਵਾਂਗੂ | ਜਲੰਤ ਦੇਦੀਪੵ ਬੈਸ੍ਵਾਂਤਰਹ॥ ਜਲਦੀ ਅੱਗ ਵਿੱਚ ਸੜ ਜਾਵੇ, |
| ,, | ਤੋਯੰ ਤਰੰਗੰ | ਤੋਇਅੰ ਤਰੰਗੰ | ਪਾਣੀ ਦੀਆਂ ਲਹਿਰਾਂ | ਬਹੰਤਿ ਅਗਾਹ ਤੋਯੰ ਤਰੰਗੰ, ਪਾਣੀ ਦੀਆਂ ਲਹਿਰਾਂ ਵਿੱਚ ਰੁੜ੍ਹ ਜਾਏ; |
| ,, | ਨ ਸਿਧੵਤੇ | ਨ ਸਿਧਿਅਤੇ | ਨਹੀਂ ਰਾਸ ਆਉਂਦਾ | ਅਨਿਕ ਸਾਧਨੰ ਨ ਸਿਧੵਤੇ, ਐਨੇ ਜਤਨਾਂ ਨਾਲ ਵੀ ਕੰਮ ਰਾਸ ਨਹੀਂ ਆਉਂਦੇ। |
| ੧੮ | ਦੂਖੵੰ | ਦੁਖਿਅੰ | ਦੁੱਖ ਬਿਪਤਾ | ਘੋਰ ਦੂਖੵੰ ਅਨਿਕ ਹਤੵੰ, |
| ,, | ਹਤੵੰ | ਹਤਿਅੰ | ਜੀਵਾਂ ਦੀ ਹੱਤਿਆ | ਜਨਮ ਦਾਰਿਦ੍ਰੰ ਮਹਾ ਬਿਖੵਾਦੰ॥ |
| ,, | ਬਿਖੵਾਦੰ | ਬਿਖਿਆਦੰ | ਭਾਰੀ ਪੁਆੜੇ | (ਗੁਰੂ ਜੀ ਆਖਦੇ ਹਨ) ਭਾਰੀ ਦੁੱਖ, ਅਨੇਕਾਂ ਹੱਤਿਆਵਾਂ, ਜਨਮਾਂ ਦੀ ਗ਼ਰੀਬੀ, ਵੱਡੇ ਝਗੜੇ ਦੇ ਪੁਆੜੇ ਹਨ। |
| ੨੦ | ਭਯੰ | ਭਇਅੰ ਦੇਖੋ ਪੰਨਾ ੫੨੬ | ਹੋ ਗਏ ਹਨ | ਨਿਰਧਨ ਭਯੰ ਧਨਵੰਤਹ, (ਪ੍ਰਭੂ ਕਿਰਪਾ ਨਾਲ) ਅਨੇਕ ਗ਼ਰੀਬ ਧੰਨਵਾਨ ਹੋ ਗਏ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|

## ਪੰਨਾ ੧੩੫੫

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨੦ | ਭਗਤੵੰ | ਭਗਤਿਅੰ | ਭਗਤਾਂ ਨੂੰ | **ਭਗਤੵੰ ਭਗਤ ਦਾਨੰ,** (ਪ੍ਰਭੂ) ਭਗਤਾਂ ਨੂੰ ਭਗਤੀ ਦਾਨ ਦਿੰਦਾ ਹੈ। |
| ,, | ਲਭੵਤੇ | ਲਭਿਅਤੇ | ਮਿਲਦਾ ਹੈ | **ਨਾਨਕ ਗੁਰ ਸੇਵਾ ਕਿੰ ਨ ਲਭੵਤੇ ॥੨੦॥** ਗੁਰ ਸੇਵਾ ਨਾਲ ਕੀ ਨਹੀਂ ਮਿਲਦਾ। |

## ਪੰਨਾ ੧੩੫੬

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨੧ | ਦਯਾਲ | ਦਇਆਲ | ਦਿਆਲੂ | **ਸਰਬ ਭੂਤ ਦਯਾਲ ਅਚੁਤ** ਅਬਿਨਾਸ਼ੀ ਪ੍ਰਭੂ ਸਾਰੇ ਜੀਆਂ ਤੇ ਦਿਆਲੂ ਹੈ। |
| ੨੧ | ਸਰਬਗੵ | ਸਰਬੱਗਿਅ | ਸੱਭ ਕੁਝ ਜਾਨਣ ਵਾਲਾ | **ਸਰਬਗੵ ਪੂਰਨ ਪੁਰਖ ਭਗਵਾਨਹ, ਭਗਤਿ ਵਛਲ ਕਰੁਣਾ ਮਯਹ ॥** (ਪ੍ਰਭੂ) ਸਭ ਦੇ ਦਿਲਾਂ ਦੀ ਜਾਨਣ ਵਾਲਾ ਹੈ। ਭਗਤਾਂ ਨੂੰ ਪਿਆਰ ਕਰਨ ਵਾਲਾ ਦਇਆ ਸਰੂਪ ਹੈ। |
| ੨੧ | ਕਰੁਣਾਮਯਹ | ਕਰੁਣਾਮਇਅਹ | ਦਇਆ ਸਰੂਪ | |
| ੨੩ | ਅਨਿਤੵ | ਅਨਿਤਿਅ | ਸਦਾ ਨ ਰਹਿਣ ਵਾਲਾ | ਸਦਾ ਨਾ ਰਹਿਣ ਵਾਲੀ, ਭਾਵ ਨਾਸ਼ਵੰਤ |
| ੨੪ | ਬਿਪਰੀਤ ਬੁਧੵੰ | ਬਿਪਰੀਤ ਬੁਧਿਅੰ | ਉਲਟੀ ਬੁੱਧੀ ਕਾਰਨ | ਉਲਟੀ ਮੱਤ ਕਾਰਨ ਹੀ ਜੀਵਾਂ ਨੂੰ ਮਾਰਦਾ ਹੈ ਭਾਵ ਜੀਵ ਹੱਤਿਆ ਕਰਦਾ ਹੈ। |
| ੨੫ | ਜਸੵ | ਜੱਸਿਅ | ਜਿਨ੍ਹਾਂ ਦੇ | **ਜਸੵ ਸਿਮਰਣ ਰਿਦੰਤਰਹ,** ਜਿਸ ਦੇ ਹਿਰਦੇ ਵਿੱਚ ਸਿਮਰਨ ਹੁੰਦਾ ਹੈ। |
| ੨੫ | ਆਰੋਗੵੰ | ਆਰੋਗਿਅੰ | ਰੋਗ ਰਹਿਤ | **ਆਰੋਗੵੰ ਮਹਾਂ ਰੋਗੵੰ** |
| ,, | ਮਹਾਂ ਰੋਗੵੰ | ਮਹਾਂ ਰੋਗੵੰ | ਮਹਾਂ ਰੋਗੀ | **ਬਿਸਿਮ੍ਰਿਤੇ ਕਰਣਾ ਮਯਹ ॥** |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ,, | ਕਰੁਣਾਮਯਹ | ਕਰੁਣਾ ਮਇਅਹ | ਦਇਆ ਸਰੂਪ | ਕਰੁਣਾਮਯਹ ॥ ਜਿਹੜਾ ਦਇਆ ਸਰੂਪ (ਪ੍ਰਭੂ) ਨੂੰ ਵਿਸਾਰ ਦਿੰਦਾ ਹੈ, ਉਹ ਅਰੋਗ ਹੁੰਦੇ ਹੋਏ ਵੀ ਰੋਗੀ ਹੁੰਦਾ ਹੈ। |
| ੨੬ | ਨ ਤ੍ਰਿਪ੍ਤੇ | ਨ ਤ੍ਰਿਪਿਅਤੇ | ਰਜਦੇ ਨਹੀਂ | ਭਗਤ ਲੋਕ ਨਾਮ ਜਪੁ ਜਪੁ ਕੇ ਵੀ ਰੱਜਦੇ ਨਹੀਂ। |
| ੨੭ | ਮਿਤ੍ਰਸ੍ਯ | ਮਿਤ੍ਰਸਿਅ | ਮਿਤਰ ਦੇ | ਸਹਣਸ਼ੀਲ ਸੰਤੰ ਸਮ੍ ਮਿਤ੍ਰਸ੍ਯ ਦੁਰਜਨਹ ॥ ਸੰਤਾਂ ਵਿੱਚ ਸਹਿਨਸ਼ੀਲਤਾ ਇੰਨੀਂ ਹੁੰਦੀ ਹੈ, ਕਿ ਉਹ ਮਿੱਤਰ ਤੇ ਦੁਸ਼ਮਣ ਨੂੰ ਇਕ ਸਮਾਨ ਜਾਣਦੇ ਹਨ। |
| ੨੯ | ਨਿਰਭਯੰ | ਨਿਰਭਇਅੰ | ਨਿਰਭੈ ਹੋ ਕੇ | ਬਿਚਰਤੇ ਨਿਰਭਯੰ ਸਤ੍ਰੁ |
| ,, | ਧਾਯੰਤੇ | ਧਾਇਅੰਤੇ | ਹੱਲਾ ਬੋਲਦੇ | ਸੈਨਾ, ਧਾਯੰਤੇ ਗੁੋਪਾਲ |
| ,, | ਗੁੋਪਾਲ | ਗੁਪਾਲ | ਗੋਬਿੰਦ-ਪ੍ਰਭੂ | ਪੰਜਾਂ ਵਿਕਾਰਾਂ ਦੀ ਫ਼ੌਜ ਨਿਡਰ ਹੋ ਕੇ ਖੁੱਲ੍ਹੀ ਫਿਰਦੀ ਹੈ। ਗੋਬਿੰਦ ਦਾ ਕੀਰਤਨ (ਜੱਸ) ਕਰਨ ਨਾਲ ਭਗਤਾਂ ਤੇ ਇਨ੍ਹਾਂ ਦਾ ਕੋਈ ਅਸਰ ਨਹੀ ਹੁੰਦਾਂ। |
| ,, | ਵਸ੍ਯੰ ਕਰੋਤਿ | ਵਸਿਅੰ ਕਰੋਤਿ | ਵੱਸ ਵਿੱਚ ਕਰਦੇ ਹਨ | ਵਸ੍ਯੰ ਕਰੋਤਿ ਪੰਜ ਤਸਕਰਹ ॥ ਪੰਜ ਚੋਰਾਂ ਨੂੰ (ਭਗਤ) ਵੱਸ ਕਰ ਲੈਂਦੇ ਹਨ। |
| ੩੦ | ਦ੍ਰੁਮ ਛਾਯਾ | ਦਰੁਮ ਛਾਇਆ | ਬ੍ਰਿਛ ਦੀ ਛਾਂ | ਦ੍ਰੁਮ ਛਾਯਾ ਰਚਿ ਦੁਰ |
| ੩੦ | ਮਿਥ੍ਯਾ | ਮਿਥਿਆ | ਝੂਠੀ-ਨਾਸ਼ਵੰਤ | ਮਤਿਹ ॥ (ਖ਼ਿਆਲੀ ਬ੍ਰਿਛ) ਦੀ ਛਾਂ ਵਿੱਚ ਰਚ ਕੇ ਖੋਟੀ ਬੁੱਧੀ ਵਾਲੇ ਹੋ ਜਾਂਦੇ ਹਨ, ਇਸ ਤਰ੍ਹਾਂ ਸੰਸਾਰ ਦਾ ਮੋਹ ਵੀ ਮਿਥਿਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩੧ | ਗੁਣਗ੍ਹ | ਗੁੱਣਗਿਅ | ਗੁਣਾਂ ਦਾ ਗਿਆਤਾ | ਨਚ ਗੁਣਗ੍ਹ ਨਾਮ ਕੀਰਤਨਹ॥ ਨਾ ਕੀਰਤਨ ਦੇ ਗੁਣਾਂ ਦਾ ਗਿਆਤਾ ਹੋਵੇ। |
| ੩੧ | ਲਬਧੵੰ | ਲਬਧਿਅੰ ਦੇਖੋ ਪੰਨਾ ੧੩੬੧ | ਲਭਦੀ ਹੈ- ਮਿਲਦੀ ਹੈ | ਭਾਗ ਉਦਿਮ ਲਬਧੵੰ ਮਾਇਆ, (ਜਿਹੜੇ ਮਨੁੱਖਾਂ ਦੇ) ਭਾਗ ਉਦੈ ਹੋ ਜਾਣ, ਤਾਂ ਮਾਇਆ ਮਿਲ ਜਾਂਦੀ ਹੈ। |
| ੩੨ | ਰਮਣੀਯ | ਰਮਣੀਅ | ਸੁੰਦਰ-ਸੋਹਣਾ | |
| ੩੩ | ਹੀਣਸ੍ਹ | ਹੀਣਸਿਅ | ਖਾਲੀ-ਸੱਖਣਾ | ਗੁਰਮੰਤ੍ਰ ਹੀਣਸ੍ਹ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਸਟਣਹ। ਜੋ ਪ੍ਰਾਣੀ ਗੁਰਮੰਤ੍ਰ ਤੋਂ ਸੱਖਣੇ ਹਨ, ਉਨ੍ਹਾਂ ਦਾ ਜਨਮ ਫਿੱਟਕਾਰ ਯੋਗ ਹੈ। |
| | | **ਪੰਨਾ ੧੩੫੭** | | |
| ੩੪ | ਰਿਦਯੰ | ਰਿਦਿਅੰ | ਹਿਰਦੇ ਵਿੱਚ | ਰਿਦਯੰ ਨਾਮ ਧਾਰਣਹ॥ ਹਿਰਦੇ ਵਿੱਚ ਨਾਮ ਟਿਕਾਉਂਦਾ ਹੈ। |
| ੩੫ | ਲਬਧੵੰ | ਲਭਧਿਅੰ | ਲੱਭਦਾ ਹੈ | ਲਬਧੵੰ ਸਾਧ ਸੰਗਿ ਕ੍ਰਿਪਾ ਪ੍ਰਭੰ॥ (ਪ੍ਰਭੂ ਦਾ) ਨਾਮ ਸਾਧ ਸੰਗਤ ਵਿੱਚੋਂ ਹੀ ਲੱਭਦਾ ਹੈ। |
| ੩੬ | ਪਯਾਲ ਲੋਕਹ | ਪਇਆਲ ਲੋਕਹ | ਪਾਤਾਲ ਦੇ ਲੋਕ | |
| ੩੬ | ਨ ਲਿਪ੍ਯਤੇ | ਨ ਲਿਪਿਅਤੇ | ਲਿਪਾਇਮਾਨ ਨਹੀਂ ਹੈ | ਲੇਪ ਛੇਪ ਨ ਲਿਪਤੇ॥ ਭਗਤਾਂ ਨੂੰ (ਮਾਇਆ ਦਾ) ਲੇਪ ਛੇਪ (ਮਾਇਆ ਦਾ ਅਸਰ) ਨਹੀਂ ਹੁੰਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩੭ | ਬਿਖਯਾ | ਬਿਖਿਆ | ਜ਼ਹਿਰ | ਬਿਖਯਾ ਭਯੰਤਿ ਅੰਮ੍ਰਿਤੰ, |
| ੩੭ | ਭਯੰਤਿ | ਭਇਅੰਤ | ਹੋ ਜਾਂਦਾ ਹੈ | (ਗੁਰੂ ਕ੍ਰਿਪਾ ਨਾਲ) ਜ਼ਹਿਰ ਵੀ ਅੰਮ੍ਰਿਤ ਬਣ ਜਾਂਦਾ ਹੈ। |
| ੩੭ | ਦੂਖੰ ਭਯੰਤਿ ਸੁਖੵੰ | ਦੂਖੰ ਭਇਅੰਤਿ -ਸੁਖਿਅੰ | ਦੁੱਖ, ਸੁੱਖ ਹੋ ਜਾਂਦੇ ਹਨ | ਦੂਖੰ ਭਯੰਤਿ ਸੁਖੵੰ, ਭੈ ਭੀਤੰ ਤ ਨਿਰਭਯਹ॥ |
| ,, | ਨਿਰਭਯਹ | ਨਿਰਭਇਅਹ | ਭੈ ਰਹਿਤ | (ਗੁਰੂ ਕਿਰਪਾ ਨਾਲ) ਦੁੱਖ, ਸੁੱਖ ਵਿੱਚ ਬਦਲ ਜਾਂਦੇ ਹਨ, ਭੈਭੀਤ ਹੋਏ ਲੋਕ ਨਿੱਡਰ ਹੋ ਜਾਂਦੇ ਹਨ। |
| ੪੦ | ਧੵਾਨੰ | ਧਿਆਨੰ | ਧਿਆਨ-ਸੁਰਤ | ਜੋ ਸਦਾ ਹਰੀ ਨਾਮ ਵਿੱਚ ਸੁਰਤ ਜੋੜਦੇ ਹਨ, ਧਿਆਨ ਧਰਦੇ ਹਨ। |
| ,, | ਗੵਾਨੰ | ਗਿਆਨੰ | ਗਿਆਨ-ਸੂਝ ਬੂਝ | |
| ,, | ਦਯਾਲੰ | ਦਇਆਲੰ | ਦਿਆਵਾਨ ਹੋਣਾ | ਦਯਾਲੰ ਸਰਬਤ੍ਰ ਜੀਆ, ਸਾਰੇ ਜੀਆਂ ਤੇ ਦਇਆ ਕਰਨੀ |
| ,, | ਤ੍ਯਾਗਿ | ਤਿਆਗ | ਤਿਆਗ ਕੇ | ਜੋ ਆਪਣਾ (ਮੈਂ) ਮੇਰੀ ਤਿਆਗ ਕੇ ਸੰਤਾਂ ਦੀ ਚਰਨ ਧੂੜੀ ਹੋ ਜਾਂਦੇ ਹਨ, ਇਹੋ ਹੀ ਭਗਤਾਂ ਦੇ ਲੱਛਣ ਹਨ। |
| ,, | ਲਖੵਣ | ਲੱਖਿਅਣ | ਲਛਣ ਚਿੰਨ੍ਹ | |
| ੪੨ | ਮਾਯਾ | ਮਾਇਆ | ਮਾਇਆ ਦੇ ਨਸ਼ੇ ਕਰਕੇ | ਮਦੰ ਮਾਯਾ ਬਿਆਪਿਤੰ॥ ਮਾਇਆ ਦੇ ਨਸ਼ੇ ਵਿੱਚ ਫਸਿਆ ਪਿਆ ਹੋਵੇ। |
| ,, | ਮ੍ਰਿਤੵ | ਮ੍ਰਿਤਿਉ | ਮੌਤ | ਮ੍ਰਿਤੵ ਜਨਮ ਭ੍ਰਮੰਤਿ ਨਰਕਹ, ਅਨਿਕ ਉਪਾਵੰ ਨ ਸਿਧੵਤੇ॥ |
| ,, | ਸਿਧੵਤੇ | ਸਿਧਿਅਤੇ | ਸਫ਼ਲ ਨਹੀਂ ਹੁੰਦਾ | ਜਨਮ ਮਰਨ ਦੇ ਚੱਕਰਾਂ ਵਿੱਚ ਨਰਕ ਭੋਗਦਾ ਹੋਵੇ, ਵਿੱਚੋਂ ਕੱਢਣ ਦਾ ਕੋਈ ਉਪਾਅ ਸਫ਼ਲ ਨਹੀਂ ਹੁੰਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪੩ | ਆਲਯਹ | ਆਲਿਅਹ | ਘਰ | ਸਗਲ ਅਰਥ ਆਲਯਹ॥ ਸਾਰੇ ਪਦਾਰਥਾਂ ਦਾ ਘਰ ਹੈ। |

## ਪੰਨਾ ੧੩੫੮

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪੪ | ਲਖੵਣ | ਲਖਿਅਣ | ਲਛਣ | ਧਰਮ ਲਖੵਣ ਪ੍ਰਭ ਮਇਆ॥ ਧਰਮ ਦੇ ਲੱਛਣ ਪ੍ਰਭੂ ਕਿਰਪਾ ਨਾਲ ਦਿਸਦੇ ਹਨ। |
| ,, | ਦਯਾਲ | ਦਇਆਲ | ਦਿਆਲੂ--ਪ੍ਰਭੂ | ਹਰੀ-ਦਇਆਲੂ ਦੀ ਸ਼ਰਨ ਵਿੱਚ ਰਹਿਣ ਨਾਲ। |
| ੪੫ | ਮਾਨੁਖੵੰ | ਮਾੱਨੁਖਿਅੰ | ਮਨੁੱਖ | ਮਨੁੱਖਾ ਜਨਮ ਸਫ਼ਲ ਹੁੰਦਾ ਹੈ। |
| ੪੬ | ਤ੍ਰੈ ਲੋਕ ਗਮੵੰ | ਤ੍ਰੈ ਲੋਕ ਗਮਿਅੰ | ਭਰੱਮਨ ਕਰਨਾ | ਤਿੰਨਾਂ ਲੋਕਾਂ ਵਿੱਚ ਪਹੁੰਚ ਵਾਲੇ। |
| ੪੭ | ਬਿਖਯੰਤ ਜੀਵੰ | ਬਿਖਿਅੰਤ ਜੀਵੰ | ਵਿਸ਼ਈ ਜੀਵ | ਬਿਖਯੰਤ ਜੀਵੰ ਵਸੵੰ ਕਰੋਤਿ, ਨਿਰਤੵੰ ਕਰੋਤਿ, ਜਥਾ ਮਰਕਟਹ॥ ਤੂੰ ਵਿਸ਼ਈ ਜੀਆਂ ਨੂੰ ਆਪਣੇ ਵੱਸ ਕਰ ਲੈਂਦਾ ਹੈਂ ਅਤੇ ਮਰਜ਼ੀ ਨਾਲ ਨਾਚ ਨਚਾਉਂਦਾ ਹੈਂ, ਜਿਵੇਂ ਬਾਂਦਰ ਮਦਾਰੀ ਦੇ ਇਸ਼ਾਰੇ ਤੇ ਨੱਚਦਾ ਹੈ। |
| ੪੭ | ਵਸੵੰ ਕਰੋਤਿ | ਵਸਿਅੰ ਕਰੋਤਿ | ਵੱਸ ਵਿੱਚ ਕਰ ਲੈਂਦਾ ਹੈ | |
| ੪੭ | ਨਿਰਤੵੰ ਕਰੋਤਿ | ਨਿਰਤਿਅੰ ਕਰੋਤਿ | ਨੱਚਦਾ ਹੈ | |
| ੪੭ | ਦਯਾਲ ਪ੍ਰਭੁ | ਦਇਆਲ ਪ੍ਰਭੁ | ਦਿਆਲੂ-ਪ੍ਰਭੂ | ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ, ਸਰਬ ਜੀਅ ਰਖੵਾ ਕਰੋਤਿ॥ ਨਾਨਕ ਜੀ ਕਹਿੰਦੇ ਹਨ, ਦੀਨਾਂ ਦੇ ਦੁੱਖਾਂ ਨੂੰ ਨਾਸ਼ ਕਰਨ ਵਾਲਾ ਦਿਆਲੂ ਪ੍ਰਭੂ ਸਾਰਿਆਂ ਜੀਆਂ ਦੀ ਰਖਿਆ ਕਰਦਾ ਹੈ। |
| ,, | ਰਖੵਾ ਕਰੋਤਿ | ਰਖਿਆ ਕਰੋਤਿ ਦੇਖੋ ਪੰਨਾ ੩ | ਰਖਿਆ ਕਰਦਾ ਹੈਂ | |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪੮ | ਲਜਯਾ | ਲਜਿਆ | ਸ਼ਰਮ | |
| ੪੮ | ਖਾਦੵੰ | ਖਾਦਿਅੰ | ਖਾਂਦਾ ਹੈ | ਅਕਰਣੰ ਕਰੋਤਿ, ਅਖਾਦੵਿ |
| ੪੮ | ਅਖਾਦੵਿ | ਅਖਾਦਿਅੰ | ਨ ਖਾਣ ਯੋਗ | ਖਾਦੵੰ, ਅਸਾਜੵੰ ਸਾਜ |
| ੪੮ | ਅਸਾਜੵੰ | ਅਸਾਜਿਅੰ | ਨ ਸਾਜਣ ਯੋਗ | ਸਮਜਯਾ॥ |
| ੪੮ | ਸਮਜਯਾ | ਸਮੱਜਿਆ | ਸਮਾਜ-ਸਭਾ | ਹੇ ਮਨੁੱਖ ਤੂੰ ਨਾ ਕਰਨ ਵਾਲੇ ਕੰਮ ਕਰਦਾ ਹੈਂ, ਨਾ ਖਾਣ ਵਾਲੀਆਂ ਚੀਜ਼ਾਂ ਖਾਂਦਾ ਹੈਂ, ਤੂੰ ਸਮਾਜ ਵਿੱਚ ਨਿਰਲੱਜ ਹੈ। |
| ੪੮ | ਬਿਗੵਾਪੵਿ | ਬਿਗਿਆਪਤਿ | ਬੇਨਤੀ ਕਰਨੀ | ਗੁਰੂ ਨਾਨਕ ਜੀ ਜੀਵਾਂ ਨੂੰ ਆਖਦੇ ਹਨ, ਕਿ ਹੇ ਜੀਵੋ ਤੁਸੀਂ ਪ੍ਰਭੂ ਅੱਗੇ ਬੇਨਤੀ ਕਰੋ, ਕਿ ਸਾਨੂੰ ਮੋਹ ਮਾਇਆ ਤੋਂ ਬਚਾ ਲਵੋ। |
| ੪੯ | ਮਾਯਾ ਬਿਸ੍ਤੀਰਨਹ | ਮਾਇਆ ਬਿਸ੍ਤੀਰਨਹ | ਮਾਇਆ ਦਾ ਖਿਲਾਰਾ | ਅਨਿਕ ਮਾਯਾ ਬਿਸ੍ਤੀਰਨਹ, ਸੰਸਾਰ ਵਿੱਚ ਤਰ੍ਹਾਂ-ਤਰ੍ਹਾਂ ਦੀ ਮਾਇਆ ਦਾ ਖਿਲਾਰਾ ਹੈ। |
| ੪੯ | ਭ੍ਰਮ ਭਯਾਨ ਉਦਿਆਨ | ਭ੍ਰਮ ਭਇਆਨ ਉਦਿਆਨ ਦੇਖੋ ਪੰਨਾ ੨੬੪ | ਭਰਮਾਂ ਦੇ ਜੰਗਲਾਂ ਵਿੱਚ | ਭ੍ਰਮ ਭਯਾਨ ਉਦਿਆਨ ਰਮਣੰ, |
| ੪੯ | ਬੈਦੵੰ | ਬੈਦਿਅੰ | ਵੈਦ | ਬੈਦੵੰ ਪਾਰਬ੍ਰਹਮ ਪਰਮੇਸੁਰ, ਪਾਰਬ੍ਰਹਮ ਪਰਮੇਸ਼ਰ ਆਪ ਵੈਦ ਹਨ। |
| ੫੦ | ਦਯਾਲਹ | ਦਇਆਲਹ | ਦਇਆ ਦਾ ਘਰ | |
| ੫੦ | ਮਯਾ ਕਰੋ | ਮਇਆ ਕਰੋ ਦੇਖੋ ਪੰਨਾ ੪੪ | ਰਹਿਮਤ ਕਰੋ | ਹੇ ਸਰਣਿ ਜੋਗ ਦਯਾਲਹ, ਦੀਨਾ ਨਾਥ ਮਯਾ ਕਰੋ॥ ਹੇ ਸ਼ਰਣ ਦੇਣ ਵਾਲੇ ਪ੍ਰਭੂ! ਦੀਨਾਂ ਤੇ ਦਇਆ ਕਰੋ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੫੨ | ਰਖ੍ਯਾ | ਰਖਿਆ | ਰੱਖਿਆ | ਸਿਰ ਮਸ੍ਤਕ ਰਖ੍ਯਾ |
| ੫੨ | ਕਾਯਾ | ਕਾਇਆ ਦੇਖੋ ਪੰਨਾ ੬ | ਦੇਹੀ-ਸਰੀਰ | ਪਾਰਬ੍ਰਹਮੰ, ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ ॥ ਸਿਰ ਤੇ ਮੱਥੇ ਨੂੰ, ਪਾਰਬ੍ਰਹਮ ਦੀ ਰੱਖਿਆ ਹੈ, ਹੱਥਾਂ ਤੇ ਸਰੀਰ ਨੂੰ ਪਰਮੇਸ਼ਰ ਦੀ ਰੱਖਿਆ ਹੈ। |
| ੫੨ | ਦਯਾਲਹ | ਦਇਆਲਹ | ਦਇਆ ਦੇ ਘਰ | |

## ਪੰਨਾ ੧੩੫੯

| | | | | |
|---|---|---|---|---|
| ੫੩ | ਨਖ੍ਯਤ੍ਰ | ਨਖਿਅਤਰ | ਤਾਰੇ | ਜੇਨ ਕਲਾ, ਸਸਿ ਸੂਰ |
| ੫੩ | ਜੋਤ੍ਹਿੰ | ਜੋਤਿਅੰ | ਜੋਤਿ ਪ੍ਰਕਾਸ਼ | ਨਖ੍ਯਤ੍ਰ ਜੋਤ੍ਹਿੰ, ਜਿਸ ਨੇ ਆਪਣੀ ਸ਼ਕਤੀ ਨਾਲ ਚੰਦਰਮਾਂ ਸੂਰਜ ਤਾਰਿਆਂ ਵਿੱਚ ਪ੍ਰਕਾਸ਼ ਕੀਤਾ ਹੈ। |
| ੫੩ | ਤਰੰਗ ਤੋਯਣਹ | ਤਰੰਗ ਤੋਇਅਣਹ | ਪਾਣੀਆਂ ਦੀਆਂ ਛੱਲਾਂ | ਨਾਨਕ, ਨਹ ਛਿਜੰਤਿ ਤਰੰਗ ਤੋਯਣਹ ॥ ਜਿਵੇਂ ਪਾਣੀ ਦੀਆਂ ਲਹਿਰਾਂ (ਜੀਵਾਂ ਨੂੰ) ਨਾਸ਼ ਨਹੀਂ ਕਰ ਸਕਦੀਆਂ। |
| ੫੪ | ਗਰਿਸ੍ਟ ਰੂਪੇਣ | ਗਰਿਸਟ ਰੂਪੇਣ | ਭਾਰੀ ਰੂਪ ਵਾਲਾ | ਗੁਸਾਂਈ ਗਰਿਸ੍ਟ ਰੂਪੇਣ, ਧਰਤੀ ਦਾ ਮਾਲਕ ਭਾਰੀ ਰੂਪ ਵਾਲਾ ਹੈ, ਭਾਵ ਮਹਾਨ ਹਸਤੀ ਹੈ। |
| ੫੪ | ਲਭਧ੍ਯੰ | ਲਭਧਿਅੰ | ਲੱਭਦਾ ਹੈ | ਲਬਧ੍ਯੰ ਸੰਤ ਸੰਗੇਣ, (ਨਾਮ) ਸੰਤਾਂ ਦੀ ਸੰਗਤ ਵਿੱਚੋਂ ਲੱਭਦਾ ਹੈ। |
| ੫੭ | ਰਿਦਯੰ | ਰਿਦਿਅੰ | ਹਿਰਦੇ ਵਿੱਚ | ਬਸੰਤਿ ਸਾਧ ਰਿਦਯੰ ਅਚੁਤ ॥ ਅਬਿਨਾਸ਼ੀ ਪ੍ਰਭੂ ਸੰਤਾਂ ਦੇ ਹਿਰਦੇ ਵਿੱਚ ਵਸਦਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੫੮ | ਤੀਖੵਣ | ਤੀਖਿਅਣ | ਤਿਖੀ-ਤੇਜ | ਅਹੰ ਫਾਂਸ ਤੀਖੵਣ ਕਠਿਨਹ॥ |
| ੫੯ | ਸਗਲੵੰ | ਸਗਲਿਅੰ | ਸਾਰੇ | ਅਹੰਕਾਰ ਦੀ ਤਿੱਖੀ ਤੇ ਕਰੜੀ ਫ਼ਾਂਸੀ (ਫ਼ਾਹੀ) ਹੈ। |
| ੫੮ | ਗੋੁਪਾਲ | ਗੁਪਾਲ | ਪ੍ਰਿਥਵੀ ਦਾ ਪਾਲਕ | ਭਜੁ ਸਾਧ ਸੰਗਿ ਗੋੁਪਾਲ ਨਾਨਕ, |
| ੬੦ | ਮਾਨੁਖੵੰ | ਮਾਨੁਖਿਅੰ | ਜੀਵ, ਮਨੁੱਖ | ਸਿਆਮਲੰ ਮਧੁਰ ਮਾਨੁਖੵੰ, |
| ੬੦ | ਰਿਦਯੰ ਭੂਮਿ | ਰਿਦਿਅੰ ਭੂਮਿ | ਹਿਰਦੇ ਰੂਪੀ ਧਰਤੀ ਵਿੱਚ | ਰਿਦਯੰ ਭੂਮਿ ਵੈਰਣਹ॥ (ਵੇਖਣ ਨੂੰ) ਕੋਈ ਮਨੁੱਖ ਸੁੰਦਰ ਹੋਵੇ, ਮਿੱਠ ਬੋਲਾ ਹੋਵੇ—(ਜੇ ਉਸ ਦੇ) ਹਿਰਦੇ ਰੂਪੀ ਧਰਤੀ ਵਿੱਚ ਵੈਰ ਹੈ। |
| ੬੧ | ਕਰੁਣਾਮਯਹ | ਕਰੁਣਾ ਮਅਹ | ਦਇਆ ਸਰੂਪ ਪ੍ਰਭੂ | ਸਰਣਿ ਨਾਨਕ ਕਰੁਣਾ ਮਯਹ॥ ਦਇਆ ਸਰੂਪ ਦੀ ਸ਼ਰਨ ਲੈ, ਤਾਂ ਜੋ ਤੇਰਾ ਜਨਮ ਮਰਨ ਕੱਟਿਆ ਜਾਵੇ। |
| ੬੨ | ਤੁਯੰ | ਤੋਇਅੰ-ਤੋਅੰ | ਤੈਨੂੰ | ਹੇ ਜੇਹਵੇ, ਹੇ ਰਸਗੇ, ਮਧੁਰ ਪ੍ਰਿਅ ਤੁਯੰ॥ ਹੇ ਰਸਾਂ ਨੂੰ ਜਾਨਣ ਵਾਲੀ ਰਸਨਾ, ਤੈਨੂੰ ਮਿੱਠੇ ਪਦਾਰਥ ਚੰਗੇ ਲੱਗਦੇ ਹਨ। ਭਾਵ ਤੂੰ ਰਸਾਂ ਕਸਾਂ ਵਿੱਚ ਕਿਉਂ ਪਈ ਹੈਂ, ਉਠ ਨਾਮ ਜਪ। |

## ਪੰਨਾ ੧੩੬੦

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੬੪ | ਦਯਾਰੰ | ਦਇਆਰੰ | ਦਿਆਲੂ | |
| ੬੭॥੪ | ਨ ਸੰਸਯਹ | ਨ ਸੰਸਿਅਹ-ਸੰਸਇਅਹ | | ਨਾਨਕ, ਸਾਧ ਸੰਗਮ ਨ ਸੰਸਯਹ॥ ਇਸ ਵਿੱਚ ਕੋਈ ਸੰਸਾ ਨਹੀਂ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | **ਨੋਟ :—ਇਸ ਤੋਂ ਅੱਗੇ ਗਾਥਾ ਸ਼ੁਰੂ ਹੁੰਦੀ ਹੈ।** | | | |
| ੧ | ਮਾਨੁਖੵ ਦੇਹੰ | ਮਾਨੁਖਿਅ ਦੇਹੰ | ਮਨੁੱਖਾ ਦੇਹੀ | ਕਰਪੂਰ ਪੁਹਪ ਸੁਗੰਧਾ, ਪਰਸ ਮਾਨੁਖੵ ਦੇਹੰ ਮਲੀਣੰ॥ ਮਜਾ ਰੁਧਿਰ |
| ੧ | ਅਗੵਾਨਣੋ | ਅਗਿਆਨਣੋ | ਅਗਿਆਨੀ ਜੀਵ | ਦ੍ਰੁਗੰਧਾ, ਨਾਨਕ ਅਥਿ ਗਰਬੇਣ ਅਗੵਾਨਣੋ॥ ਮਨੁੱਖ ਸਰੀਰ ਵਿੱਚ, ਲਹੂ ਮਿੱਝ ਤੇ ਹੋਰ ਦੁਰਗੰਧੀਆਂ ਢੱਕੀਆਂ ਹੋਈਆਂ ਹਨ। ਇਸ ਨਾਲ ਅਤਰ ਆਦਿ ਸੁਗੰਧੀਆਂ ਲਗਾਕੇ ਮਲੀਨ ਹੋ ਜਾਂਦੀਆਂ ਹਨ। ਅਗਿਆਨੀ ਜੀਵ ਫਿਰ ਵੀ ਨਹੀਂ ਸਮਝਦਾ। |
| ੨ | ਸਿਧੵਤੇ | ਸਧਿਅਤੇ | ਸਫ਼ਲ ਨਹੀਂ ਹੁੰਦੇ | ਬਿਨਾ ਸਾਧੂ ਨ ਸਿਧੵਤੇ॥ ਸਤਿਗੁਰ ਤੋਂ ਬਿਨਾਂ ਜੀਵ ਸਫ਼ਲ ਨਹੀਂ ਹੋ ਸਕਦੇ। |
| ੪ | ਮਾਯਾ | ਮਾਇਆ | ਮਾਇਆ | ਮਾਯਾ ਚਿਤ ਭਰਮੇਣ, ਮਾਇਆ ਚਿੱਤ ਨੂੰ ਭਰਮਾਉਂਦੀ ਹੈ। |
| ੪ | ਲਭਧੵੰ | ਲਭਧਿਅੰ | ਲੱਭ ਸਕਦਾ ਹੈ | ਲਭਧੵੰ ਸਾਧ ਸੰਗੇਣ, ਨਾਨਕ, (ਨਾਮ ਭਜਨ) ਸਾਧ ਸੰਗਤ ਵਿੱਚੋਂ ਲੱਭਦਾ ਹੈ। |
| ੮ | ਝੜੀਯੰ | ਝੜੀਅੰ | ਝੜ ਜਾਂਦੇ ਹਨ | ਪਤ੍ਰ ਭੁਰਿ ਜੇਣ ਝੜੀਯੰ, ਨਹ ਜੜੀਅੰ ਪੇਡ ਸੰਪਤਾ॥ (ਹੇ ਭਾਈ) ਜਿਹੜੇ ਪੱਤੇ ਰੁੱਖ ਨਾਲੋਂ ਝੜ ਜਾਂਦੇ ਹਨ, ਉਹ ਫ਼ਿਰ ਨਹੀਂ ਜੁੜਦੇ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧੨ | ਲਬਧੵੰ | ਲਾਬਧਿਅੰ | ਲਭਦਾ ਹੈ | ਨਾਨਕ, ਲਬਧੵੰ ਬਡ ਭਾਗਣਹ ॥<br>ਗੁਰੂ ਨਾਨਕ ਜੀ ਕਹਿੰਦੇ ਹਨ, ਵੱਡੇ ਭਾਗਾਂ ਵਾਲਿਆਂ ਨੂੰ ਸਾਧ ਸੰਗਤ ਜਾਂ ਮਹਾਂਪੁਰਖਾਂ ਦਾ ਸੰਗ ਮਿਲਦਾ ਹੈ। |

## ਪੰਨਾ ੧੩੬੧

| | | | | |
|---|---|---|---|---|
| ੧੪ | ਸਿਮਰਤਬੵ | ਸਿਮਰਤਬਿਅ | ਸਿਮਰਨ ਕਰਨਾ | ਸਿਮਰਤਬੵ ਰਿਦੈ ਗੁਰ ਮੰਤ੍ਰਣਹ ॥<br>ਹਿਰਦੇ ਵਿੱਚ ਗੁਰਮੰਤ੍ਰ ਸਿਮਰਦਾ ਰਹਿੰਦਾ ਹੈ। |
| ੧੫ | ਧੵਾਵਣਹ | ਧਿਆਵਣਹ ਦੇਖੋ ਪੰਨਾ ੧੧੬੪ | ਧਿਆਉਣਾ | ਜੀਵਣੰ, ਹਰਿ ਨਾਮ ਧੵਾਵਣਹ ॥<br>ਪ੍ਰਭੂ ਦਾ ਨਾਮ ਧਿਆਉਣਾ ਹੀ ਜੀਵਨ ਹੈ। |
| ੧੬ | ਭੁਯੰਗੰ | ਭੁਇਅੰਗੰ | ਸੱਪ | ਦਸਨ ਬਿਹੂਨ ਭੁਯੰਗੰ, ਮੰਤ੍ਰੰ ਗਾਰੁੜੀ ਨਿਵਾਰੰ ॥<br>(ਜਿਵੇਂ) ਸੱਪ ਦੇ ਮੰਤ੍ਰ ਨਾਲ ਜ਼ਹਿਰ ਦੂਰ ਹੋ ਜਾਂਦਾ ਹੈ। |
| ੧੬ | ਬੵਾਧਿ | ਬਿਆਧਿ ਦੇਖੋ ਪੰਨਾ ੨੦੦ | ਰੋਗ | |
| ੧੮ | ਬਿਧੵੰ | ਬਿਧਿਅੰ | ਵਿੰਨ੍ਹਿਆ ਜਾਂਦਾ ਹੈ | |
| ੧੮ | ਸਿਧੵੰ | ਸਿਧਿਅੰ | (ਕਾਰਜ) ਸਿੱਧ ਹੋ ਜਾਂਦੇ ਹਨ | |
| ੧੯ | ਨ ਲਭੵਤੇ | ਨ ਲਭਿਅਤੇ | ਨਹੀਂ ਲੱਭਦੇ | ਸੰਸਾਰ ਸਾਗਰੰ, ਨਾਨਕ, ਪੁਨਰਪਿ ਜਨਮ ਨ ਲਭੵਤੇ ॥<br>(ਨਾਨਕ ਜੀ ਫ਼ਰਮਾਉਂਦੇ ਹਨ) ਗੁਣ ਗਾਉਣ ਨਾਲ (ਮਨੁੱਖ) ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਫ਼ਿਰ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|

**ਨੋਟ :—ਇਹ ਬਿੰਦੀਆਂ ਵਿਸਰਗ ਹਨ। ਇਨ੍ਹਾਂ ਦਾ ਉਚਾਰਨ (ਹ) ਵਰਗਾ ਹੈ।**

| | | | | |
|---|---|---|---|---|
| ੨੨ | ਦ੍ਰਿੜੰਤਣਃ | ਦ੍ਰਿੜੰਤਣਹਿ | ਦ੍ਰਿੜ ਕਰਦਾ | ਨਾਮ ਜਪਦਾ ਹੈ। |
| ੨੨ | ਲਿਖੁਣਃ | ਲਿਖਿਅਣਹਿ | ਲਿਖੇ ਲੇਖ ਅਨੁਸਾਰ | ਲਿਖੇ ਹੋਏ ਲੇਖ। |
| ੨੩ | ਸੰਪੂਰਣਃ | ਸੰਪੂਰਣਹਿ | ਪਰਿਪੂਰਨ ਹੈ | ਸੰਪੂਰਨ, ਮੁਕੰਮਲ ਹੈ। |
| ੨੪ | ਕਸੁੰਭ ਰੰਗਣਃ | ਕਸੁੰਭ ਰੰਗਣਹਿ | ਕਸੁੰਭੇ ਦਾ ਕੱਚਾ ਰੰਗ | ਭਾਵ ਮਾਇਆ ਵਿੱਚ ਖਚਿਤ ਹੋ ਜਾਂਦੇ ਹਨ, ਜੋ ਕਸੁੰਭੇ ਦੇ ਰੰਗ ਵਾਂਗੂ ਕੱਚੀ ਹੈ। |
| ੨੩ | ਹੋਯੋ ਹੈ | ਹੋਇਓ ਹੈ ਦੇਖੋ ਪੰਨਾ ੨੩ | ਹੋਇਆ ਹੈ | ਜੋ ਹੋ ਚੁੱਕਾ ਹੈ। |

## ਪੰਨਾ ੧੩੬੩

| | | | | |
|---|---|---|---|---|
| ੧੬ | ਧ੍ਹਾਈਐ | ਧਿਆਈਐ | ਸਿਮਰੀਏ-ਜਪੀਏ | (ਪ੍ਰਭੂ ਦਾ) ਨਾਮ ਸਿਮਰੀਏ। |

## ਪੰਨਾ ੧੩੬੯

| | | | | |
|---|---|---|---|---|
| ੯੮ | ਖਾਯਾ | ਖਾਇਆ ਦੇਖੋ ਪੰਨਾ ੫੦ | ਖਾ ਲਿਆ | ਖਾਯਾ ਘਰ ਕਾ ਖੇਤੁ ॥ |

# ਭੱਟਾਂ ਦੀ ਬਾਣੀ ਸ਼ੁਰੂ

ਇਸ ਤੋਂ ਅੱਗੇ ਭੱਟਾਂ ਦੀ ਬਾਣੀ ਸ਼ੁਰੂ ਹੁੰਦੀ ਹੈ। ਭੱਟ ਕਵੀਆਂ ਨੇ ਪੰਜੇ ਗੁਰੂ ਸਾਹਿਬਾਨ ਦੀ ਸਿਫ਼ਤ ਸਲਾਹੁ ਕੀਤੀ ਹੈ। ਇਸ ਕਰਕੇ ਇਸ ਬਾਣੀ ਦਾ ਨਾਮ ਭੱਟਾਂ ਦੀ ਬਾਣੀ ਪ੍ਰਚੱਲਿਤ ਹੋ ਗਿਆ ਹੈ। ਉਸ ਤਰ੍ਹਾਂ ਭੱਟਾਂ ਦੀ ਬਾਣੀ ਸਿਰਲੇਖ ਹੇਠ ਕੋਈ ਬਾਣੀ ਨਹੀਂ ਹੈ। ਭੱਟ ਬ੍ਰਾਹਮਣ ਜਾਤੀ ਵਿੱਚੋਂ ਹਨ। ਪਰ ਦੂਜੇ ਬ੍ਰਾਹਮਣ ਆਪਣੇ ਆਪ ਨੂੰ ਉੱਚੀ ਜਾਤ ਦੇ ਬ੍ਰਾਹਮਣ ਸਮਝਦੇ ਹਨ। ਭੱਟਾਂ ਨੇ ਇੱਧਰ ਉੱਧਰ ਬਹੁਤ ਘੁੰਮ ਕੇ ਦੇਖ ਲਿਆ ਸੀ, ਪਰ ਉਨ੍ਹਾਂ ਨੂੰ ਕੋਈ ਕਰਣੀ ਵਾਲਾ ਗੁਰੂ ਕਿਧਰੇ ਵੀ ਨਹੀਂ ਸੀ ਮਿਲਿਆ। ਭੱਟ ਕਹਿੰਦੇ ਹਨ ਅਸੀਂ ਇਕ ਸਾਲ ਗੁਰੂ ਦੀ ਭਾਲ ਕੀਤੀ, ਬਹੁਤ ਭਟਕੇ, ਪਰ ਕਿਸੇ ਪਾਸੋਂ ਵੀ ਮਨ ਨੂੰ ਤਸੱਲੀ ਨਹੀਂ ਹੋਈ। ਹੁਣ ਸਾਨੂੰ ਗੁਰੂ ਅਰਜਨ ਸਾਹਿਬ ਜੀ, ਪੂਰਨ ਗੁਰੂ ਮਿਲ ਗਏ ਹਨ। ਸਾਡੇ ਧੰਨ ਭਾਗ ਹਨ।

ਅਲੱਗ-ਅਲੱਗ ਟੀਕਾਕਾਰਾਂ ਨੇ ਭੱਟਾਂ ਦੀ ਗਿਣਤੀ ਅਲੱਗ-ਅਲੱਗ ਦੱਸੀ ਹੈ। ਜੋ ਇਕੱਠੇ ਹੋ ਕੇ ਗੁਰੂ ਜੀ ਪਾਸ ਆਏ ਸਨ। ਵੱਧ ਤੋਂ ਵੱਧ ਗਿਣਤੀ 22 ਹੈ। ਜਿਵੇਂ :—

੧ ਕਲ੍ਯਸਹਾਰ ੨ ਜਾਲਪ ੩ ਕੀਰਤ ੪ ਭਿੱਖਾ ੫ ਸਲ੍ਯ ੬ ਭਲ੍ਯ ੭ ਨਲ੍ਯ ੮ ਮਥੁਰਾ ੯ ਬਲ੍ਯ ੧੦ ਗਯੰਦ ੧੧ ਹਰਿਬੰਸ ੧੨ ਦਾਸ ੧੩ ਕਲ੍ਯ ੧੪ ਜਲ੍ਯ ੧੫ ਜਲ੍ਯਨ ੧੬ ਟਲ੍ਯ ੧੭ ਸੇਵਕ ੧੮ ਸਦਰੰਗ ੧੯ ਪਰਮਾਨੰਦ ੨੦ ਪਾਰਥ ੨੧ ਨਲ੍ਯ ਠਕੁਰ ੨੨ ਗੰਗਾ। ਜ਼ਿਆਦਾ ਟੀਕਾਕਾਰਾਂ ਜਾਂ ਵਿਦਵਾਨਾਂ ਨੇ ਹੇਠ ਲਿਖੇ ਗਿਆਰਾਂ ਭੱਟ ਦੱਸੇ ਹਨ। ਕਈ ੧੨, ੧੩, ੧੭ ਅਤੇ ੧੯ ਵੀ ਦੱਸਦੇ ਹਨ। ਗਿਆਰਾਂ ਦੇ ਨਾਮ ਇਸ ਪ੍ਰਕਾਰ ਹਨ। ਜਿਵੇਂ :—

੧ ਜਾਲਪ-ਜਲ੍ਯ ੨ ਕਲ੍ਯ-ਕਲ੍ਯਸਹਾਰ-ਟਲ੍ਯ ੩ ਕੀਰਤ ੪ ਭਿੱਖਾ ੫ ਸਲ੍ਯ ੬ ਭਲ੍ਯ ੭ ਨਲ੍ਯ ੮ ਗਯੰਦ ੯ ਮਥੁਰਾ ੧੦ ਬਲ੍ਯ ਅਤੇ ੧੧ ਹਰਿਬੰਸ।

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਸਵੱਯੇ ਸ੍ਰੀ ਮੁਖਬਾਕੵ ਮਹਲਾ ੫ ਪੰਨਾ ੧੩੮੫ ਸ਼ੁਰੂ** | | |
| ੧ | ਬੵਾਪਤੁ | ਬਿਆਪਤੁ | ਪਸਰਿਆ ਹੋਇਆ | ਬੵਾਪਤੁ ਦੇਖੀਐ ਜਗਤਿ, ਜਾਨੈ ਕਉਨੁ ਤੇਰੀ ਗਤਿ, |
| ੧ | ਰਖੵਾ ਕਰੈ | ਰਖਿਆ ਕਰੈ | ਰਾਖੀ ਕਰਦਾ ਹੈ | ਸਰਬ ਕੀ ਰਖੵਾ ਕਰੈ, ਆਪੇ ਹਰਿ ਪਤਿ ॥ (ਹੇ ਪ੍ਰਭੂ) ਤੂੰ ਸਾਰੇ ਸੰਸਾਰ ਵਿੱਚ ਵਿਆਪਕ ਦੇਖੀਂਦਾ ਹੈਂ, ਤੇਰੀ ਗਤੀ ਨੂੰ ਕੌਣ ਸਮਝ ਸਕਦਾ ਹੈ, ਤੂੰ ਸਾਰਿਆਂ ਦੀ ਰਾਖੀ ਕਰਦਾ ਹੈਂ। |
| | | **ਪੰਨਾ ੧੩੮੬ ਸ਼ੁਰੂ** | | |
| ੪ | ਗੵਾਨੰ ਧੵਾਨੰ | ਗਿਆਨੰ ਧਿਆਨੰ | ਗਿਆਨ ਧਿਆਨ | ਸਰਬ ਗੁਣ ਨਿਧਾਨੰ, ਕੀਮਤਿ ਨ ਗੵਾਨੰ ਧੵਾਨੰ, ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥ (ਹੇ ਪ੍ਰਭੂ ਤੂੰ) ਸਾਰੇ ਗੁਣਾਂ ਦਾ ਖ਼ਜ਼ਾਨਾ ਹੈਂ, (ਤੇਰੇ) ਗਿਆਨ ਧਿਆਨ ਦੀ ਕੀਮਤ ਨਹੀਂ (ਪਾਈ ਜਾ ਸਕਦੀ) ਤੇਰਾ ਅਸਥਾਨ ਉੱਚਿਆਂ ਤੋਂ ਉੱਚਾ ਜਾਣਿਆ ਜਾਂਦਾ ਹੈ। |
| ੫ | ਭਯਉ-ਭਯੋ | ਭਇਅਉ- ਦੇਖੋ ਪੰਨਾ ੧੩੭੧ | ਹੋਇਆ ਹੈ | ਧੰਨਿ ਧੰਨਿ ਤੇ ਧੰਨਿ ਜਨ, ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ |
| ੫ | ਪਰਸਿਯਉ | ਪਰਸਿਅਉ | ਪ੍ਰਸੰਨ ਕੀਤਾ ਹੈ, ਛੋਹਿਆ ਹੈ, ਚਰਨ ਪਰਸੇ ਹਨ। | ਹਰਿ ਗੁਰੁ ਨਾਨਕੁ ਜਿਨ ਪਰਸਿਯਉ ॥ ਉਹ ਧੰਨ ਧੰਨ ਹਨ, ਜਿਨ੍ਹਾਂ ਤੇ ਪ੍ਰਭੂ ਆਪ ਕਿਰਪਾਲੂ ਹੋਇਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੬ | ਸੁਪ੍ਰਸੰਨ ਭਯੋ | ਸੁਪ੍ਰਸੰਨ ਭਇਓ ਦੇਖੋ ਪੰਨਾ ੧੩੭੨ | ਪੂਰਨ ਪ੍ਰਸੰਨ ਹੋ ਗਿਆ | ਜਿਹ ਠਾਕੁਰੁ ਸੁਪ੍ਰਸੰਨੁ ਭਯੋ। |
| ੭ | ਸਿਰਜ੍ਹਿਉ | ਸਿਰਜਿਅਉ | ਸਿਰਜਿਆ ਹੈ | ਸਚਿ ਸਿਰਜ੍ਹਿਉ ਸੰਸਾਰੁ, (ਸੱਚੇ ਸਾਹਿਬ ਨੇ) ਸੱਚ ਦੁਆਰਾ ਹੀ ਸੰਸਾਰ ਸਿਰਜਿਆ ਹੈ। |
| ੭ | ਹੋਯਉ | ਹੋਇਅਉ | ਹੋਇਆ ਹੈ | ਜਿਹ ਕ੍ਰਿਪਾਲੁ ਹੋਯਉ |
| ੭ | ਗੋੁਬਿੰਦੁ | ਗੁਬਿੰਦੁ | ਧਰਤੀ ਦਾ ਮਾਲਕ | ਗੋੁਬਿੰਦੁ, ਗੋਬਿੰਦ (ਪ੍ਰਭੂ) ਜਿਨ੍ਹਾਂ ਜੀਵਾਂ ਉੱਤੇ ਕਿਰਪਾਲੂ ਹੋ ਗਿਆ ਹੈ। |
| ੮ | ਗ੍ਯ੍ਯਾਨੁ ਧ੍ਯ੍ਯਾਨੁ | ਗਿਆਨੁ ਧਿਆਨੁ | ਗਿਆਨ ਧਿਆਨ | ਕਵਨੁ ਜੋਗੁ ਕਉਨੁ ਗ੍ਯ੍ਯਾਨੁ ਧ੍ਯ੍ਯਾਨੁ, ਕਿਹੜਾ ਜੋਗ ਕਿਹੜਾ ਗਿਆਨ ਧਿਆਨ ਹੈ। |
| ੮ | ਦਯਾਲ ਪ੍ਰਭਿ | ਦਇਆ:ਲ ਪ੍ਰਭਿ | ਦਿਆਲੂ ਪ੍ਰਭੂ ਨੇ | ਦਇਆ ਦੇ ਸਾਗਰ ਨੇ। |

**ਸਵੱਯੇ ਸ੍ਰੀ ਮੁਖਬਾਕ੍ਯ ਮਹਲਾ ੫ ਪੰਨਾ ੧੩੮੭ ਸ਼ੁਰੂ**

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੯ | ਪਰ੍ਹਿਉ | ਪਰਿਅਉ ਦੇਖੋ ਪੰਨਾ ੭੧੨ | ਪਿਆ ਹੈ | ਪਰ੍ਹਿਉ ਜਾਚਕੁ ਇਕੁ ਸਰਨਾ॥ ਮੈਂ ਇਕ ਮੰਗਤਾ ਤੇਰੀ ਸ਼ਰਨ ਵਿੱਚ ਆ ਪਿਆ ਹਾਂ। |
| ੯ | ਅੰਧ੍ਯ੍ਯਾਰ ਮਹਿ | ਅੰਧਿਆ:ਰ ਮਹਿ | ਅਗਿਆਨਤਾ ਦਾ ਹਨੇਰਾ | ਬਲਿਓ ਚਰਾਗੁ ਅੰਧ੍ਯ੍ਯਾਰ ਮਹਿ, |
| ੧ | ਦਯਾ | ਦਇਆ | ਦਇਆ | ਸੀਲ ਧਰਮ ਦਯਾ ਸੁਚ ਨਾਸ੍ਤਿ, (ਮੇਰੇ ਵਿੱਚ) ਸ਼ਰਾਫ਼ਤ, ਧਰਮ, ਦਇਆ ਅਤੇ ਪਵਿੱਤਰਤਾ ਦੀ ਅਣਹੋਂਦ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨ | ਸਿਖ੍ਯਾ ਸੰਤ | ਸਿਖਿਆ ਸੰਤ | ਸੰਤ ਸਤਿਗੁਰੂ | ਸਿਖ੍ਯਾ ਸੰਤ ਨਾਮੁ ਭਜੁ |
| | | ਦੇਖੋ ਪੰਨਾ ੨੨੧ ਦੀ ਸਿੱਖਿਆ | | ਗੁਰੂ ਦੀ ਸਿੱਖਿਆ ਏਹੀ ਹੈ, ਗੁਰ ਮੰਤ੍ਰ ਜਪੋ। |

## ਪੰਨਾ ੧੩੮੮ ਸ਼ੁਰੂ

| | | | | |
|---|---|---|---|---|
| ੫ | ਦੀਨ ਦਯਾਲ | ਦੀਨ ਦਇਆਲ | ਦੀਨ ਦੁਖੀਆਂ ਉਤੇ ਦਇਆ ਕਰਨ ਵਾਲੇ | ਦੀਨ ਦਯਾਲ ਪੁਰਖ ਪ੍ਰਭ ਪੂਰਨ, |
| ੭ | ਸਿਧ ਮਨੁਖ੍ਯ | ਸਿਧ ਮਨੁਖਿਅ | ਸਿਧੀ ਪ੍ਰਾਪਤ ਜੋਗੀ ਮਨੁੱਖ | ਸਿਧ ਮਨੁਖ੍ਯ ਦੇਵ ਅਰੁ ਦਾਨਵ, |

## ਪੰਨਾ ੧੩੮੯-੯੦ ਸਵੱਈਏ ਮਹਲੇ ਪਹਿਲੇ ਕੇ ੧

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿੱਚ ਉਚਾਰੇ ਗਏ ਸਵੱਈਏ।

| | | | | |
|---|---|---|---|---|
| ੬ | ਸਕਯਥੁ | ਸਕਿਅਥੁ | ਸਕਾਰਥਾ- ਸਫਲ | ਜਨਮੁ ਸਕਯਥੁ ਭਲੌ ਜਗਿ॥ (ਗੁਰੂ) ਜੀਵਾਂ ਦਾ ਜਨਮ ਭਲਾ ਅਤੇ ਸਕਾਰਥਾ ਕਰਨ ਵਾਲਾ ਹੈ। |
| ੮ | ਪਰੀਖ੍ਯਤੁ | ਪਰੀਖਿਅਤੁ | ਪ੍ਰੀਛਤ ਰਾਜਾ | ਸੁਖਦੇਉ, ਪਰੀਖ੍ਯਤੁ ਗੁਣ ਰਵੈ, ਸੁਖਦੇਵ ਅਤੇ ਪ੍ਰੀਛਤ ਰਾਜਾ ਵੀ (ਪ੍ਰਭੂ ਨਾਨਕ) ਦੇ ਗੁਣ ਗਾਉਂਦੇ ਹਨ। |
| ੯ | ਪਾਯਾਲਿ | ਪਾਇਆਲ | ਪਤਾਲਪੁਰੀ | ਗੁਣ ਗਾਵਹਿ ਪਾਯਾਲਿ, |
| ੯ | ਭੁਯੰਗਮ | ਭੁਇਅੰਗਮ | ਵਿੱਚ ਸੱਪ | ਭਗਤ ਨਾਗਾਦਿ ਭੁਯੰਗਮ॥ ਪਾਤਾਲ ਪੁਰੀ ਵਿੱਚ ਸ਼ੇਸ਼ਨਾਗ ਸੱਪ ਆਦਿ ਵੀ, ਤੇਰੇ (ਹਰੀ ਦੇ) ਗੁਣ ਗਾਉਂਦੇ ਹਨ। |
| ੯ | ਬ੍ਯਾਸੁ | ਬਿਆਸ | ਵਿਆਸ ਮੁਨੀ | ਗੁਣ ਗਾਵੈ ਮੁਨਿ ਬ੍ਯਾਸੁ, |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੯ | ਬ੍ਯਾਕਰਣ | ਬਿਆਕਰਣ ਦੇਖੋ ਪੰਨਾ ੧੧੨੭ | ਵਿਆਕਰਣ | ਜਿਨਿ ਬੇਦ ਬ੍ਯਾਕਰਣ ਬੀਚਾਰਿਅ॥ |
| ੯ | ਬੀਚਾਰਿਅ | ਬੀਚਾਰੇ | ਵੀਚਾਰ ਕੀਤਾ | ਬਿਆਸ ਮੁਨੀ ਜਿਸ ਨੇ ਵੇਦਾਂ ਨੂੰ ਵਿਆਕਰਣ ਨੇਮਾਂ ਨਾਲ ਵੀਚਾਰਿਆ ਹੈ, ਉਹ ਵੀ ਗੁਰੂ (ਨਾਨਕ ਦਾ) ਜੱਸ ਕਰ ਰਿਹਾ ਹੈ। |
| ੯ | ਸਵਾਰੀਅ | ਸਵਾਰੀ | ਰਚੀ-ਬਣਾਈ | |

## ਸਵੱਈਏ ਮਹਲੇ ਦੂਜੇ ਕੇ ੨

### ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਵਿੱਚ ਉਚਾਰੇ ਗਏ ਸਵੱਈਏ।

### ਪੰਨਾ ੧੩੯੧

| | | | | |
|---|---|---|---|---|
| ੧ | ਬੋਹਿਯ | ਬੋਹਿਅ | ਸੁਗੰਧਿਤ ਹੋ ਗਏ | ਨਾਮ ਵਿੱਚ ਭਿੱਜ ਗਏ। ਸੁਗੰਧਤ ਹੋ ਗਏ। |
| ੨ | ਅਗ੍ਯਾਨ | ਅਗਿਆਨ | ਅਗਿਆਨਤਾ | ਤਿਮਰ ਅਗ੍ਯਾਨ ਜਾਹਿ ਦਰਸ ਦੁਆਰ॥ ਅਗਿਆਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। |
| ੩ | ਕਲਿਪਤਰੁ | ਕਲਿਪ+ਤਰੁ | ਕਲਪ ਬ੍ਰਿਸ਼ | ਕਲਿਪ ਤਰ ਰੋਗ ਬਿਦਾਰੁ, ਤੂੰ (ਗੁਰੂ ਜੀ) ਮਨੋਕਾਮਨਾ ਪੂਰੀਆਂ ਕਰਨ ਵਾਲਾ ਕਲਪ-ਬ੍ਰਿਛ ਹੈਂ। |

### ਪੰਨਾ ੧੩੯੨ ਸ਼ੁਰੂ

| | | | | |
|---|---|---|---|---|
| ੬ | ਗ੍ਰਾਹਜਿ ਲਯੌ | ਗ੍ਰਾਹਿਜਿ ਲਇਓ ਲਇਅਓ | ਸੰਗ੍ਰਹਿਣ ਕਰ ਲਿਆ ਹੈ | ਸਤਿ ਸੰਤੋਖੁ ਗ੍ਰਾਹਜਿ ਲਯੌ॥ |
| ੬ | ਭਯੌ-ਭਯਉ | ਭਇਔ-ਭਇਅਓ ਦੇਖੋ ਪੰਨਾ ੧੩੯੯ | ਹੋ ਗਿਆ | ਜਨ ਦਰਸਨੁ ਲਹਣੇ ਭਯੌ॥ |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
| --- | --- | --- | --- | --- |
| ੭ | ਨਠਯੌ | ਨਠਿਓ | ਨਸ ਗਿਆ | ਗਰਲ ਨਾਸੁ ਤਨਿ ਨਠਯੌ; (ਮਾਇਆ ਦਾ) ਵਿਨਾਸ਼-ਕਾਰੀ ਜ਼ਹਿਰ ਸਰੀਰ ਵਿੱਚੋਂ ਨਿਕਲ ਗਿਆ। |

## ਸਵੱਈਏ ਮਹਲੇ ਤੀਜੇ ਕੇ ੩

ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿੱਚ ਉਚਾਰੇ ਗਏ ਸਵੱਈਏ।

| | | | | |
| --- | --- | --- | --- | --- |
| ੯ | ਕਲੑ | ਕਲਿਅ- | ਕਲੑ ਭੱਟ ਦਾ ਨਾਮ ਹੈ | |
| ੧੦ | ਟਲੑ | ਟਲਿਅ- | ਟਲੑ ਭੱਟ ਦਾ ਨਾਮ ਹੈ | |
| ੧ | ਬਿਸੑਰੀਯਾ | ਬਿਸਤਰੀਆ | ਫ਼ੈਲੀ ਹੋਈ ਹੈ ਪਸਰੀ ਹੋਈ ਹੈ | ਕੀਰਤਿ ਜਨ ਅਮਰਦਾਸ ਬਿਸੑਰੀਯਾ॥ ਗੁਰੂ ਅਮਰਦਾਸ ਦੀ ਕੀਰਤੀ ਜਗਤ ਵਿੱਚ ਖਿਲਰੀ ਹੋਈ ਹੈ। |

## ਪੰਨਾ ੧੩੯੩ ਸ਼ੁਰੂ

| | | | | |
| --- | --- | --- | --- | --- |
| ੧ | ਬਰਦਾਯਉ | ਬਰਦਾਇਅਉ | ਵਰ੍ਹਦਾਨ ਵਜੋਂ ਹੈ | ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ॥ ਹਰਿ ਨਾਮੁ ਗੁਰੂ ਰਸਨਾ ਦੁਆਰਾ ਜੀਵਾਂ ਨੂੰ ਵਰਦਾਨ ਕੀਤਾ। ਨਾਮ ਦਿੱਤਾ। |
| ੨ | ਜਖੵ | ਜਖਿਅ | ਦੇਵਤਿਆਂ ਦੀ ਜਾਤ ਹੈ | |
| ੨ | ਨਖੵਤ੍ਰ | ਨਖਿਅਤ੍ਰ | ਤਾਰੇ | |
| ੪ | ਗੁਰੂਅ ਮਤਿ | ਗੁਰੂ ਮਤਿ | ਗੁਰੂ ਦੀ ਮੱਤ | |
| ੫ | ਸਕਯਥੁ | ਸਕਿਅਥੁ | ਸਕਾਰਥਾ-ਸਫ਼ਲ | ਜਨਮੁ ਤ ਇਹੁ ਸਕਯਥੁ, ਜਨਮ ਉਹ ਸਕਾਰਥਾ ਹੁੰਦਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੫ | ਕਲੵ | ਕਲਿਅ- | ਭੱਟ ਦਾ ਨਾਮ ਹੈ | **ਕਲੵ ਜੋੜਿ ਕਰ ਧੵਾਇਅਓ ॥** ਮੈਂ ਕਲੵ ਨੇ ਹੱਥ ਜੋੜ ਕੇ |
| ੫ | ਧੵਾਇਅਓ | ਧਿਆਇਓ | ਧਿਆਇਆ ਹੈ | ਆਪ ਜੀ ਨੂੰ ਹੀ ਧਿਆਇਆ ਹੈ। |
| ੮ | ਚਾਯ | ਚਾਇ | ਚਾਅ ਵਿੱਚ | **ਸਦਾ ਚਾਯ ਮੁਖਿ ਮਿਸ੍ਰ** |
| ੮ | ਮਿਸ੍ਰ | ਮਿਸਟ | ਮਿੱਠੀ | **ਬਾਣੀ ॥** ਮੁਖ ਵਿੱਚ ਮਿੱਠੀ ਬਾਣੀ ਨਾਲ ਹਰ ਵੇਲੇ ਚਾਅ ਚੜ੍ਹਿਆ ਰਹਿੰਦਾ ਹੈ। |
| ੮ | ਪਾਯਉ | ਪਾਇਅਉ | ਪਾਇਆ- ਪ੍ਰਾਪਤ ਕੀਤਾ | |
| ੮ | ਕਲੵਚਰੈ | ਕਲਿਅ + ਉਚਰੈ | ਕਲੵ ਭੱਟ ਕਥਨ ਕਰਦਾ ਹੈ | **ਸੁਕਯਥੁ ਜਨਮੁ ਕਲੵਚਰੈ, ਗੁਰੁ ਪਰਸੵਿਉ ਅਮਰ ਪ੍ਰਗਾਸ ॥੮॥** |
| ੮ | ਗੁਰੁ ਪਰਸੵਿਉ | ਗੁਰੁ ਪਰਸਿਅਉ | ਸਪਰਸ਼- ਛੋਹਿਆ | ਕਲੵ ਭੱਟ ਕਹਿੰਦਾ ਹੈ ਉਸ ਦਾ ਜਨਮ ਸਕਾਰਥਾ ਹੈ, |
| ੮ | ਸਕਯਥੁ | ਸਕਿਅਥੁ | ਸਕਾਰਥਾ | ਜਿਸ ਨੂੰ (ਗੁਰੂ ਅਮਰਦਾਸ ਜੀ) ਜਗਤ ਗੁਰੂ ਮਿਲ ਗਿਆ ਹੈ। |

## ਪੰਨਾ ੧੩੯੪ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੮ | ਪਰਸੵਿਉ | ਪਰਸਿਅਉ ਦੇਖੋ ਪੰਨਾ ੧੩੯੬ | ਛੋਹਿਆ- ਸਪੱਰਸ਼ ਕੀਤਾ | ਜਿਸ ਨੇ ਗੁਰੂ ਜੀ ਨੂੰ ਛੋਹਿਆ ਹੈ। |
| ੯ | ਕਲੵ | ਕਲਿਅ | ਭੱਟ ਦਾ ਨਾਮ ਹੈ | **ਕਲੵ ਜੋੜਿ ਕਰ ਧੵਾਇਅਉ ॥** |
| ੯ | ਧੵਾਇਅਉ | ਧਿਆਇਅਉ | ਧਿਆਇਆ ਹੈ | ਜਿਸ ਜਿਸ ਜੀਵ ਨੇ ਗੁਰੂ (ਅਮਰਦਾਸ) ਜੀ ਨੂੰ ਪਰਸਿਆ ਹੈ। ਧਿਆਇਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧ ॥੧੦ | **ਸਕਯਥ** | ਸਕਇਅਥ | ਸਕਾਰਥੇ-ਸਫ਼ਲ | **ਚਰਣ ਤ ਪਰ ਸਕਯਥ,** ਪੈਰ ਤਾਂ ਹੀ ਸਕਾਰਥੇ ਹਨ। |
| ੧ ॥੧੦ | **ਰਯ, ਪਯ** | ਰਇ-ਰੈ, ਪਇ-ਪੈ | ਮਾਰਗ, ਪੈਰੀਂ | **ਗੁਰ ਅਮਰ ਪਵਲਿ ਰਯ॥ ਹਥ ਲਗਹਿ ਗੁਰ ਅਮਰ ਪਯ॥** |
| ੧ ॥੧੦ | **ਨਯਣਿ** | ਨਇਣਿ-ਨੈਣ | ਅਖਾਂ ਨਾਲ | |
| ੨ ॥੧੧ | **ਸਯ** | ਸਇ-ਸੈ, ਦੇਖੋ ਪੰਨਾ ੧੦ | ਸੈਂਕੜੇ | **ਤਿ ਨਰ ਸੇਵ ਨਹੁ ਕਰਹਿ, ਤਿਨਰ ਸਯ ਸਹਸ ਸੰਮਪਹਿ॥** ਗੁਰੂ ਦੇ ਭਗਤ ਮਨੁੱਖ, ਕਿਸੇ ਦੀ ਗ਼ੁਲਾਮੀ ਨਹੀਂ ਕਰਦੇ, ਸਗੋਂ ਉਨ੍ਹਾਂ ਮਨੁੱਖਾਂ ਨੂੰ ਸੈਂਕੜੇ-ਹਜ਼ਾਰਾਂ ਹੀ ਆਤਮ-ਸਮਰਪਣ ਕਰਦੇ ਹਨ। |
| ੩ ॥੧੨ | **ਬਯਣਿ** | ਬਇਣ-ਬੈਣਿ | ਬੈਣੀਂ-ਬਚਨਾਂ ਨਾਲ | ਗੁਰੂ ਜੀ ਦੇ ਬਚਨਾਂ ਵਿੱਚ ਕੇਵਲ ਵਾਹਿਗੁਰੂ ਦਾ ਨਾਮ ਹੀ ਹੈ। |
| ੪ ॥੧੩ | **ਜਲ੍ਹ** | ਜਲਿਅ | ਜਾਲਪੁ ਕਵੀ | ਕਵੀ ਭੱਟ ਦਾ ਨਾਮ ਹੈ। |
| | | **ਪੰਨਾ ੧੩੯੫ ਸ਼ੁਰੂ** | | |
| ੧ ॥੧੫ | **ਨਿਰਮਯੌ** | ਨਿਰਮਇਅਉ-ਨਿਰਮਇਔ | ਬਣਾਇਆ ਹੈ-ਨਿਰਮਾਣ ਕੀਤਾ ਹੈ | **ਬੋਹਿਥਉ ਬਿਧਾਤੈ ਨਿਰਮਯੌ, ਸਭ ਸੰਗਤਿ ਕੁਲ ਉਧਰਣ॥** ਭਵਸਾਗਰ ਤੋਂ ਤਾਰਨ ਵਾਸਤੇ (ਗੁਰੂ ਅਮਰਦਾਸ ਦੇ ਰੂਪ ਵਿੱਚ) ਮਾਨੋਂ ਇਕ ਜਹਾਜ ਬਣਾਇਆ ਹੈ। |
| ੨ ॥੧੬ | **ਪਰਵਰਿਯਉ** | ਪਰਵਰਿਅਉ | ਪਰਵਿਰਤ ਹੋਇਆ | **ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ॥** ਪ੍ਰਭੂ ਆਪ ਕਲਾ ਧਾਰ ਕੇ ਜੱਗ ਵਿੱਚ ਪਰਵਿਰਤ ਹੋਇਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨॥੧੬ | ਕਰਿਯਉ | ਕਰਿਅਉ | ਜੋਤਿ ਪ੍ਰਕਾਸ਼ ਕੀਤੀ ਹੈ। | ਜੋਤਿ ਜਗ ਮੰਡਲਿ ਕਰਿਯਉ ॥ ਇਸ ਜਗਤ ਵਿੱਚ ਜੋਤਿ ਪ੍ਰਕਾਸ਼ ਕੀਤੀ ਹੈ। |
| ੨॥੧੬ | ਦੀਪਾਯਉ | ਦੀਪਾਇਅਉ | ਪ੍ਰਕਾਸ਼ਮਾਨ ਕੀਤਾ ਹੈ। | ਸਬਦੁ ਦੀਪਕਿ ਦੀਪਾਯਉ ॥ |
| ੨॥੧੬ | ਮਿਲਾਯਉ | ਮਿਲਾਇਅਉ | ਮਿਲਾ ਦਿੱਤਾ ਹੈ। | ਤਤੁ ਹਰਿ ਚਰਨ ਮਿਲਾਯਉ ॥ |
| ੩॥੧੭ | ਅਵਤਰ੍ਹਿਉ | ਅਵਤਰਿਅਉ | ਗੁਰੂ ਅਵਤਾਰ ਪ੍ਰਗਟਿਆ ਹੈ। | ਨਾਨਕ, ਕੁਲਿ ਨਿੰਮਲੁ ਅਵਤਰ੍ਹਿਉ ॥ |
| ੩॥੧੭ | ਡੁਬੰਤ੍ਹ | ਡੁਬੰਤਿਅਹ ਦੇਖੋ ਪੰਨਾ ੧੩੯੫ (ਕਹਤਿਅਹ) | ਡੁੱਬਦੇ ਜੀਵਾਂ | ਪਲਕ ਡੁਬੰਤ੍ਹ ਤਾਰੈ ॥ (ਗੁਰੂ ਜੀ ਨੇ) ਪਲਕ ਵਿੱਚ ਡੁੱਬਦਿਆਂ ਨੂੰ ਤਾਰ ਦਿੱਤਾ। |
| ੧॥੧੯ | ਮਿਲ੍ਹਿਉ | ਮਿਲਿਅਉ–ਮਿਲਿਓ ਦੇਖੋ ਪੰਨਾ ੨੪੧ | ਮਿਲ ਗਿਆ ਹੈ | ਗੁਰੁ ਮਿਲ੍ਹਿਉ ਸੋਇ, ਭਿਖਾ ਕਹੈ, ਭਿੱਖਾ ਭੱਟ ਕਥਨ ਕਰਦਾ ਹੈ, ਮੈਨੂੰ ਗੁਰੂ (ਅਮਰਦਾਸ) ਮਿਲ ਗਿਆ ਹੈ। |
| ੨॥੨੦ | ਲਾਯਉ | ਲਾਇਅਉ | ਲਾਇਆ | ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ ॥ (ਭਿੱਖਾ ਭੱਟ) ਕਹਿੰਦਾ ਹੈ, ਮੈਂ ਇਕ ਸਾਲ ਭਟਕਦਾ ਫਿਰਦਾ ਰਿਹਾ ਹਾਂ, ਪਰ ਕਿਸੇ ਨੇ ਵੀ ਪ੍ਰਭੂ ਪ੍ਰੇਮ ਦੀ ਚੇਟਕ ਨਹੀਂ ਲਾਈ। |
| ੨॥੨੦ | ਆਯਉ | ਆਇਅਉ | ਮਨ ਦੀ ਪ੍ਰਸੰਨਤਾ ਨਹੀਂ ਆਈ | ਕੋ ਖੁਸੀ ਨ ਆਯਉ ॥ ਕਿਤੋਂ ਵੀ ਮਨ ਦੀ ਪ੍ਰਸੰਨਤਾ ਨਹੀਂ ਮਿਲੀ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|

## ਪੰਨਾ ੧੩੯੬ ਸ਼ੁਰੂ

| | | | | |
|---|---|---|---|---|
| ੨॥੨੦ | ਦਯਿ | ਦਈਇ- | ਪ੍ਰਭੂ ਨੇ | ਗੁਰੁ ਦਯਿ ਮਿਲਾਯਉ |
| ੨॥੨੦ | ਮਿਲਾਯਉ | ਮਿਲਾਇਅਉ | ਮਿਲਾ ਦਿੱਤਾ | ਪ੍ਰਭੂ ਨੇ ਭਿਖਿਆ ਨੂੰ ਗੁਰੂ ਮਿਲਾ ਦਿੱਤਾ ਹੈ। ਨੋਟ :— ਸ਼ਬਦਾਰਥ ਵਿੱਚ ਦਈਵ ਉਚਾਰਨ ਲਿਖਿਆ ਹੈ। |
| ੧॥੨੧ | ਸਲ੍ਯ | ਸਲਿਅ | ਭੱਟ ਦਾ ਨਾਮ ਹੈ | |
| ੧॥੨੨ | ਭਲ੍ਯ | ਭਲਿਅ | ਭੱਟ ਦਾ ਨਾਮ ਹੈ | |

## ਸਵੱਈਏ ਮਹਲੇ ਚਉਥੇ ਕੇ ੪

### ਸ੍ਰੀ ਗੁਰੂ ਰਾਮ ਦਾਸ ਜੀ ਦੀ ਉਸਤਤਿ ਵਿੱਚ ਉਚਾਰੇ ਗਏ ਸਵੱਈਏ।

| | | | | |
|---|---|---|---|---|
| ੧ | ਪਾਯਉ | ਪਾਇਅਉ | ਪਾਲਿਆ- ਹਾਸਲ ਕਰ ਲਿਆ | ਸਤਿਗੁਰੁ ਸੇਵਿ ਪਰਮ ਪਦੁ ਪਾਯਉ॥ ਸਤਿਗੁਰੂ ਨੂੰ ਸਿਮਰ ਕੇ ਪਰਮ ਪਦਵੀ ਹਾਸਲ ਕਰ ਲਈ ਹੈ। |
| ੧ | ਧਿਆਯਉ | ਧਿਆਇਅਉ | ਧਿਆਇਆ ਹੈ | ਅਬਿਨਾਸੀ ਅਬਿਗਤੁ ਧਿਆਯਉ॥ ਨਾਸ਼ ਰਹਿਤ ਅਦ੍ਰਿਸ਼ਟ ਪ੍ਰਭੂ ਦਾ ਨਾਮ ਧਿਆਇਆ ਹੈ। |
| ੧ | ਕਲ੍ਯ ਸਹਾਰੁ | ਕਲਿਅ-ਸਹਾਰ | ਭੱਟ ਕਵੀ ਦਾ ਨਾਮ ਹੈ | |
| ੧ | ਪਾਯਾ | ਪਾਇਆ | ਪਾ ਲਿਆ- ਪ੍ਰਾਪਤ ਕੀਤਾ | ਇਨਿ ਸਤਿਗੁਰੁ ਸੇਵਿ ਸਬਦ ਰਸੁ ਪਾਯਾ, |
| ੩ | ਰੰਗਿ ਚਲੂਲ ਭਯਾ | ਰੰਗ ਚਲੂਲ ਭਇਆ | ਗੂੜ੍ਹਾ ਰੰਗ ਹੋ ਗਿਆ | ਆਤਮੁ, ਰੰਗਿ ਚਲੂਲ ਭਯਾ॥ |
| ੩ | ਜਾਗ੍ਯਾ ਮਨੁ | ਜਾਗਿਆ ਮਨੁ | ਮਨ ਜਾਗ ਪਿਆ | ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ॥ |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਪਰਕਾਸ੍ਯਾ | ਪਰਕਾਸਿਆ ਦੇਖੋ ਪੰਨਾ ੫੯੮ | ਖਿੜ ਗਿਆ ਹੈ | ਮਨ (ਗਿਆਨ ਵਿੱਚ) ਜਾਗ ਪਿਆ ਹੈ, ਹਿਰਦਾ (ਗੁਰ ਗਿਆਨ) ਨਾਲ ਖਿੜ ਪਿਆ ਹੈ। |

## ਪੰਨਾ ੧੩੯੭ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਦਯਾਲਿ | ਦਇਆਲ | ਦਿਆਲੂ | ਸਤਿਗੁਰਿ ਦਯਾਲਿ ਹਰਿ ਨਾਮ ਦ੍ਰਿੜ੍ਹਾਯਾ। |
| ੩ | ਦ੍ਰਿੜ੍ਹਾਯਾ | ਦ੍ਰਿੜਾਇਆ | ਦ੍ਰਿੜ ਕਰਾਇਆ | ਦਿਆਲੂ ਸਤਿਗੁਰੂ ਨੇ ਹਰੀ ਨਾਮ ਸੁਦ੍ਰਿੜ੍ਹ ਕਰਾ ਦਿੱਤਾ। |
| ੪ | ਪਰਮਪਦੁ ਪਾਯਾ | ਪਰਮ ਪਦੁ ਪਾਇਆ | ਤੁਰੀਆ ਪੱਦ ਸਰਵੋਤਮ ਪੱਦ | ਪਰਮ ਪਦਵੀ ਪਾ ਲਈ। |
| ੫ | ਪਾਯਉ | ਪਾਇਅਉ | ਪਾ ਲਿਆ | |
| ੫ | ਕਲ੍ਯੁਚਰੈ | ਕਲਿਅ-ਉਚਰੈ | ਕਲ੍ਯ ਭੱਟ ਕਹਿੰਦਾ ਹੈ | |
| ੭ | ਧਿਆਯਉ | ਧਿਆਇਅਉ | ਧਿਆਇਆ ਹੈ | ਮਨਿ ਏਕੁ ਧਿਆਯਉ॥ ਇਕ ਮਨ ਹੋ ਕੇ ਧਿਆਇਆ ਹੈ। |
| ੭ | ਦ੍ਰਿੜਾਯਉ | ਦ੍ਰਿੜਾਇਅਉ | ਪੱਕਾ ਕਰਵਾਇਆ | ਜਿਨਿ ਨਾਮੁ ਦ੍ਰਿੜਾਯਉ॥ ਜਿਸ (ਗੁਰੂ) ਨੇ ਨਾਮ ਪੱਕਾ ਕਰਵਾਇਆ। ਦ੍ਰਿੜ੍ਹ ਕਰਵਾਇਆ ਹੈ। |
| ੮ | ਸਮਾਯਉ | ਸਮਾਇਅਉ | ਸਮਾਇਆ ਹੋਇਆ ਹੈ | ਸਰਿ ਸਹਜ ਸਮਾਯਉ॥ ਸਹਿਜ ਅਵਸਥਾ ਪ੍ਰਾਪਤ ਕਰਨੀ। |
| ੮ | ਤਰਾਯਉ | ਤਰਾਇਅਉ | ਤਰ ਗਿਆ- ਤਰਾਇਆ | ਜਗਤੁ ਗੁਰ ਬਚਨਿ ਤਰਾਯਉ॥ ਗੁਰੂ ਬਚਨਾਂ ਨਾਲ ਸਾਰਾ ਜਗਤ ਤਰ ਗਿਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੩੯੮ ਸ਼ੁਰੂ** | | |
| ੧੦ | ਭਲੁ ਅਮਲੁ | ਭਲਿਅ-ਭਲਉ ਅਮਲ | ਚੰਗਾ-ਮਲ ਤੋਂ ਰਹਿਤ | ਆਜੋਨੀਉ ਭਲੁ ਅਮਲੁ, ਸਤਿਗੁਰ ਸੰਗ ਨਿਵਾਸੁ॥ ਸ੍ਰੀ ਗੁਰੂ ਰਾਮਦਾਸ ਜੀ ਜਨਮ ਮਰਨ ਤੋਂ ਰਹਿਤ ਹੈ, ਭਲਾ ਹੈ, ਸ਼ੁੱਧ ਆਤਮਾ ਹੈ। |
| ੧੧ | ਸਕਯਥਉ | ਸਕਇਅਥਉ | ਸਕਾਰਥਾ-ਸਫ਼ਲਾ | ਤਿਨ ਸਕਯਥਉ ਜਨਮੁ॥ ਨਾਮ ਜਪ ਕੇ ਜਨਮ ਸਕਾਰਥਾ ਕੀਤਾ। |
| ੧ | ਦ੍ਰਿਸ੍ਰਿ ਧਾਰੈ | ਦ੍ਰਿਸਟਿ ਧਾਰੈ | ਮਿਹਰ ਦੀ ਦ੍ਰਿਸ਼ਟੀ | ਖਿਨ ਮਾਤ੍ਰ ਜਾ ਕਉ ਦ੍ਰਿਸ੍ਰਿ ਧਾਰੈ॥ |
| ੧ | ਅਗਮ ਗ੍ਯਾਨ ਬਿਖ੍ਯਾਤਾ | ਅਗਮ ਗਿਆਨ ਬਿਖਿਆਤਾ ਦੇਖੋ ਪੰਨਾ ੧੩੯੯ | ਅੱਗਮੀ ਗਿਆਨ ਪਰਗਟ ਕਰਨ ਵਾਲਾ | ਅਗੰਮੀ ਗਿਆਨ ਜਾਨਣ ਵਾਲਾ। |
| ੧ | ਧ੍ਯਾਨ ਧਾਵੈ | ਧਿਆਨ ਧਾਵੈ | ਧਿਆਨ ਧਰਕੇ | ਅਹਿਨਿਸਿ ਧ੍ਯਾਨ ਧਾਵੈ, ਦਿਨ ਰਾਤ, ਹਰੀ ਦਾ ਧਿਆਨ ਧਰਦਾ ਹੈ। |
| ੨ | ਗੁਰਮਤਿ ਧ੍ਯਾਈ ਹੈ | ਗੁਰਮਤਿ ਧਿਆਈ ਹੈ | ਗੁਰੂ ਦੀ ਮੱਤਿ ਨਾਲ ਧਿਆ-ਇਆ ਹੈ | ਸੁਮੱਤਿ ਗ੍ਰੈਹਣ ਕਰਕੇ ਧਿਆਇਆ ਹੈ। |
| | | **ਪੰਨਾ ੧੩੯੯ ਸ਼ੁਰੂ** | | |
| ੩ | ਨਲ੍ਯ ਕਵਿ | ਨਲਿਅ ਕਵਿ | ਭੱਟ ਦਾ ਨਾਮ ਹੈ | |
| ੪ | ਜਗਤ ਭਯੋ ਆਨੰਦੁ | ਜਗਤ ਭਇਅਓ ਆਨੰਦ | ਜਗਤ ਵਿੱਚ ਆਤਮ ਆਨੰਦ ਹੋ ਗਇਆ | |
| ੪ | ਮਨੁਖ੍ਯ | ਮਨੁਖਿਅ | ਮਨੁੱਖ | ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥ (ਗੁਰੂ ਜੀ ਨੇ) ਜਗਤ ਨੂੰ ਤਾਰਨ ਲਈ (ਸੰਸਾਰ ਉਤੇ) ਗਿਆਨ ਦਾ ਪ੍ਰਕਾਸ਼ ਕੀਤਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪ | ਮਾਨ੍ਹਿਉ ਮਨੁ | ਮਾਨਿਅਉ ਮਨੁ | ਮਨ ਮੰਨ ਗਿਆ | ਸਭ ਬਿਧਿ ਮਾਨ੍ਹਿਉ ਮਨੁ, ਤਬ ਹੀ ਭਯਉ ਪ੍ਰਸੰਨੁ ॥ |
| ੪ | ਭਯਉ ਪ੍ਰਸੰਨੁ | ਭਇਅਉ ਪ੍ਰਸੰਨੁ | ਪ੍ਰਸੰਨ ਹੋ ਗਿਆ | |
| ੧॥੫॥ | ਧਾਰ੍ਹਿਉ | ਧਾਰਿਅਉ ਦੇਖੋ ਪੰਨਾ ੧੩੯੪ | ਧਾਰਿਆ ਹੋਇਆ ਹੈ | |
| ੨॥੬ | ਹੁਯਉ | ਹੁਇਅਉ | ਹੋ ਗਿਆ | ਬਿਖੁ ਤੇ ਅੰਮ੍ਰਿਤ ਹੁਯਉ, ਜਦੋਂ ਸਤਿਗੁਰੂ ਨੇ ਨਾਮ ਉਚਾਰਨ ਕੀਤਾ (ਮਾਨੋ) ਜ਼ਹਿਰ ਤੋਂ ਅੰਮ੍ਰਿਤ ਹੋ ਗਿਆ। |
| ੨॥੬ | ਲੋਹਉ ਹੋਯਉ ਲਾਲੁ | ਲੋਹਉ ਹੋਇਅਉ ਲਾਲ | ਲੋਹੇ ਤੋਂ ਲਾਲ ਰਤਨ ਬਣ ਗਿਆ | ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੁ ਜਦਿ ਧਾਰੈ ॥ |
| ੨॥੬ | ਗਇਅ | ਗਇ | ਦੂਰ ਹੋ ਗਏ | ਦੁਖ ਦਰਿਦ੍ਰ ਤਿਨ ਕੇ ਗਇਅ ॥ |
| ੨॥੬ | ਭਇਅ | ਭਇ | ਹੋ ਗਏ | ਸੇ ਪਸੁ ਪਰੇਤ ਸੁਰਿ ਨਰ ਭਇਅ ॥ |
| ੪॥੮ | ਨਯਣਿ ਬਯਣਿ | ਨਇਣਿ-ਬਇਣਿ ਨੈਣ-ਬੈਣ | ਨੇਤਰ, ਬਚਨ- | ਗੁਰ ਨਯਣਿ ਬਯਣਿ ਗੁਰੁ ਗੁਰੁ ਕਰਹੁ, ਗੁਰੂ ਸਤਿ, ਕਵਿ ਨਲ੍ਹ ਕਹਿ ॥ |
| ੪॥੮ | ਨਲ੍ਹ | ਨਲਿਅ | ਭੱਟ ਦਾ ਨਾਮ ਹੈ | ਨਲ ਭੱਟ ਕਹਿੰਦਾ ਹੈ, ਆਪਣੀਆਂ ਅੱਖਾਂ ਵਿੱਚ ਅਤੇ ਬੋਲ ਵਿੱਚ ਕੇਵਲ ਗੁਰੂ ਨੂੰ ਵਸਾਓ। |
| ੪॥੮ | ਅਕਯਥ | ਅਕਇਅਥ | ਅਕਾਰਥ ਨਿਸਫ਼ਲ | ਨਾਮ ਤੋਂ ਬਗ਼ੈਰ ਸਭ ਨਿਸਫ਼ਲ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|

## ਪੰਨਾ ੧੪੦੦ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੫ ॥੯ | ਸੁਖਦਾਯਕੁ | ਸੁਖਦਾਇਕ | ਸੁਖ ਦੇਣ ਵਾਲਾ | |
| ੬ ॥੧੦ | ਬਿਧਿ ਮਿਲਾਯਉ | ਬਿਧਿ ਮਿਲਾਇਅਉ | ਵਿਧੀ-ਵਿਉਂਤ ਬਣਾ ਕੇ ਢੋਅ ਮਿਲਾ ਕੇ | |
| ੬ ॥੧੦ | ਦਹੰ ਦਿਸਿ ਧਾਯਉ | ਦਹੰ ਦਿਸਿ ਧਾਇਅਉ | ਦਸੀਂ ਪਾਸੀਂ ਭਟਕਦਾ ਫ਼ਿਰਦਾ ਸੀ | |
| ੬ ॥੧੦ | ਜਲ੍ਨ ਤੀਰਿ | ਜਲਿਅਨ ਤੀਰ | ਦਰਿਆ ਦੇ ਕੰਢੇ ਗੋਬਿੰਦਵਾਲ ਗੋਬਿੰਦਪੁਰੀ | |
| ੬ ॥੧੦ | ਬਨਾਯਉ | ਬਨਾਇਅਉ | ਬਣਾਇਆ ਹੋਇਆ ਹੈ | ਸਮ, ਜਲ੍ਨ ਤੀਰਿ ਬਿਪਾਸ ਬਨਾਯਉ ॥ (ਬੈਕੁੰਠ ਧਾਮ) ਵਰਗਾ ਨਗਰ ਗੋਬਿੰਦਵਾਲ ਬਿਆਸ ਦਰਿਆ ਦੇ ਕੰਢੇ ਉੱਤੇ ਬਣਾਇਆ ਹੋਇਆ ਹੈ। |
| ,, | ਗਯਉ ਦੁਖੁ | ਗਇਅਉ ਦੁਖੁ | ਦੁੱਖ ਦੂਰ ਹੋ ਗਿਆ | ਗਯਉ ਦੁਖੁ ਦੂਰਿ ਬਰਖਨ ਕੋ, ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ ॥ ਗੁਰੂ ਜੀ ਦਾ ਨੂਰੀ ਮੁਖੜਾ ਦੇਖ ਕੇ ਬਰਸਾਂ ਦੇ ਦੁੱਖ ਦੂਰ ਹੋ ਗਏ ਹਨ ਅਤੇ ਸੁੱਖ ਪਾ ਲਿਆ ਹੈ। |
| ,, | ਪਾਯਉ | ਪਾਇਅਉ | ਪਾ ਲਿਆ | |
| ੭ ॥੧੧ | ਅਘੰਨ ਹਰ੍ਯਉ | ਅਘੰਨ ਹਰਿਅਉ | ਪਾਪ ਦੂਰ ਹੋ ਗਏ | ਗੁਰਿ ਕੀਨੀ ਕ੍ਰਿਪਾ, ਹਰਿ ਨਾਮੁ ਦੀਅਉ, ਜਿਸ ਦੇਖਿ ਚਰੰਨ, ਅਘੰਨ ਹਰ੍ਯਉ ॥ |
| ੭ ॥੧੧ | ਡਰ੍ਯਉ | ਡਰਿਅਉ | ਭੈ ਭੀਤ ਹੋ ਗਏ, ਡਰ ਗਏ | ਸੁ ਨਾਮ ਸੁਨੇ, ਸੁਤ ਭਾਨ ਡਰ੍ਯਉ ॥ ਨਾਮ ਦੇ ਸੁਣਨ ਨਾਲ ਜਮ ਰਾਜ ਭੀ ਡਰਦਾ ਹੈ। ਭਾਵ ਜਮ ਵੀ ਨੇੜੇ ਨਹੀਂ ਆਉਂਦਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੭॥੧੧ | ਪਰਸੁ ਕਰ੍ਉ | ਪਰਸੁ ਕਰਿਅਉ | ਪਾਰਸ ਕਰ ਦਿੱਤਾ | ਪਾਰਸੁ ਭੇਟਿ ਪਰਸੁ ਕਰ੍ਉ ॥ |
| ੭॥੧੧ | ਹਰਿ ਸਤਿ ਕੀਯਉ | ਹਰਿ ਸਤਿ ਕੀਅਉ | ਸਤਿ ਸਰੂਪ ਹੀ ਬਣਾ ਦਿੱਤਾ | |
| ੭॥੧੧ | ਸਿਰਿ ਹਥੁ ਧਰ੍ਉ | ਸਿਰਿ ਹਥੁ ਧਰਿਅਉ | ਸਿਰ ਉੱਤੇ ਮੁਬਾਰਿਕ ਹੱਥ ਧਰਿਆ | |
| ੧॥੧੩ | ਗ੍ਯਾਨੀਅਹੁ | ਗਿਆਨੀਅਹੁ | ਗਿਆਨ ਵਾਲੋਂ | |
| ੨॥੧੪ | ਧ੍ਯਾਨੁ ਅਹਿਨਿਸਿ ਕਰਹੁ | ਧਿਆਨ ਅਹਿਨਿਸਿ ਕਰਹੁ | ਦਿਨ ਰਾਤ ਧਿਆਨ ਕਰੋ | |

## ਪੰਨਾ ੧੪੦੧ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩॥੧੫ | ਸਬਦਿ ਗੁਰੁ ਧ੍ਯਾਈਐ | ਸ਼ਬਦ ਗੁਰੁ ਧਿਆਈਐ | ਗੁਰੂ ਸ਼ਬਦ-ਜਪੋ | ਨਾਮ ਹਮੇਸ਼ਾ ਧਿਆਉਣਾ ਚਾਹੀਦਾ ਹੈ। |
| ੧ | ਲਖ੍ਯਾ ਨ ਜਾਈ | ਲਖਿਆ ਨ ਜਾਈ ਦੇਖੋ ਪੰਨਾ ੩੭ | ਜਾਣਿਆ ਨਹੀਂ ਜਾ ਸਕਦਾ | ਅਲਖ ਰੂਪ, ਜੀਅ ਲਖ੍ਯਾ ਨ ਜਾਈ॥ |
| ੧ | ਥਿਰੁ ਥਪ੍ਉ | ਥਿਰ ਥਪਿਅਉ ਦੇਖੋ ਪੰਨਾ ੧੪੦੬ | ਥਾਪ ਦਿੱਤਾ | ਗੁਰੂ ਅਮਰਦਾਸ ਜੀ ਨੇ ਰਾਮ ਦਾਸ ਜੀ ਨੂੰ ਗੁਰੂ ਥਾਪ ਦਿੱਤਾ। |
| ੧ | ਅਪ੍ਉ | ਅਪਿਅਉ | ਅਰਪਿਅ-ਦਿੱਤਾ | ਹਰਿ ਕਾ ਨਾਮੁ, ਅਖੈ ਨਿਧਿ ਅਪ੍ਉ ॥ |
| ੨ | ਗੁਰ ਗ੍ਯਾਨਿ ਰਤੇ | ਗੁਰ ਗਿਆਨ ਰਤੇ | ਗੁਰੂ ਦੇ ਗਿਆਨ ਵਿੱਚ ਰੰਗੇ ਗਏ ਹਨ | ਹਰਿ ਜਨ ਸਿਵ ਗੁਰ ਗ੍ਯਾਨਿ ਰਤੇ॥ |

## ਪੰਨਾ ੧੪੦੨ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਗੁਰੂਮੁਖਿ ਪਾਯਾ | ਗੁਰੂਮੁਖਿ ਪਾਇਆ | ਗੁਰੂ ਦੁਆਰਾ ਪ੍ਰਾਪਤ ਕੀਤਾ ਹੈ | |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੩ | ਅਵਲੋਕ੍ਯਾ | ਅਵਲੋਕਿਆ | ਪਸਰਿਆ | ਅਵਲੋਕ੍ਯਾ ਬ੍ਰਹਮੁ ਭਰਮੁ ਸਭੁ |
| | ਛੁਟਕ੍ਯਾ | ਛੁਟਕਿਆ | ਦੂਰ ਹੋ ਗਿਆ | ਛੁਟਕ੍ਯਾ, ਦਿਬ੍ਯ ਦ੍ਰਿਸ੍ਟਿ ਕਾਰਣ |
| | ਦਿਬ੍ਯ | ਦਿੱਬਿਅ | ਜੋਤਿ-ਪ੍ਰਕਾਸ਼ | ਕਰਣੰ ॥ |
| | ਦ੍ਰਿਸ੍ਟਿ | ਦ੍ਰਿਸ਼ਟਿ | ਦ੍ਰਿਸ਼ਟੀ-ਨਜ਼ਰ | ਗੁਰੂ ਕੋਲੋਂ ਪ੍ਰਾਪਤ ਹੋਈ ਜੋਤਿ ਸਦਕਾ, ਉਨ੍ਹਾਂ ਦਾ ਭਰਮ ਨਵਿਰਤ ਹੋ ਗਿਆ ਹੈ। ਉਨ੍ਹਾਂ ਨੇ ਕਰਨਹਾਰ ਬ੍ਰਹਮ ਨੂੰ ਸਭ ਪਾਸੇ ਪਸਰਿਆ ਹੋਇਆ ਦੇਖ ਲਿਆ ਹੈ। |
| ੪ | ਪਰਗਾਸੁ ਭਯਾ | ਪਰਗਾਸੁ ਭਇਆ | ਪ੍ਰਕਾਸ਼ਮਾਨ ਹੋ ਗਿਆ | ਪਰਗਾਸੁ ਭਯਾ ਜਸੁ ਜਨ ਕੈ ॥ ਗੁਰੂ ਜੀ ਦਾ ਜੱਸ ਸਾਰੇ ਫ਼ੈਲ ਗਿਆ। |
| ੪ | ਧ੍ਯਾਨੁ ਧਰੰ | ਧਿਆਨੁ ਧਰੰ | ਧਿਆਨ ਧਰਦੇ ਹਨ | ਜੋਤਿ ਸਰੂਪੀ ਧ੍ਯਾਨੁ ਧਰੰ ॥ ਜੋਤਿ ਸਰੂਪੀ ਵਾਹਿਗੁਰੂ ਦਾ ਧਿਆਨ ਧਰਦੇ ਹਨ। |
| ੧॥੬ | ਈਸੁ ਬੰਮ੍ਯੁ | ਈਸੁ ਬੰਮਿਅ | ਸ਼ਿਵ ਜੀ ਤੇ ਬ੍ਰਹਮਾ | ਈਸੁ ਬੰਮ੍ਯੁ, ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥ |
| ੧॥੬ | ਗ੍ਯਾਨੁ ਧ੍ਯਾਨੁ | ਗਿਆਨੁ ਧਿਆਨੁ | | ਸ਼ਿਵ ਜੀ ਅਤੇ ਬ੍ਰਹਮਾ (ਗੁਰ ਮੰਤ੍ਰ ਨੂੰ) ਗਿਆਨ ਅਤੇ ਧਿਆਨ ਨੂੰ ਆਪਣੇ ਹਿਰਦੇ ਵਿੱਚ ਧਾਰਨ ਕਰਦੇ ਹਨ। |

## ਪੰਨਾ ੧੪੦੩ ਸ਼ੁਰੂ

| | | | | |
|---|---|---|---|---|
| ੪॥੯ | ਮਨ ਗਯੰਦ | ਮਨ ਗਇਅੰਦ | ਹੇ (ਕਵੀ) ਗਯੰਦ ਦੇ ਮਨ | ਤਜੁ ਬਿਕਾਰੁ ਮਨ ਗਯੰਦ ॥ ਭੱਟ ਗਯੰਦ ਕਹਿੰਦਾ ਹੈ, ਹੇ ਮਨਾ ਵਿਕਾਰ ਛੱਡ ਦੇ। |
| ੫॥੧੦ | ਹੋਇ ਕਲ੍ਯਾਨੁ | ਹੋਇ ਕਲਿਆਨੁ | ਆਤਮ ਆਨੰਦ-ਸੁੱਖ | ਨਿਸਿ ਬਾਸੁਰ ਹੋਇ ਕਲ੍ਯਾਨੁ, ਦਿਨ ਰਾਤ ਸੁੱਖ ਹੋਵੇਗਾ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧॥੧੧ | ਭਯਾ | ਭਇਆ | ਹੋ ਗਿਆ | ਤਿਨ ਕਉਂ ਮੋਹੁ ਭਯਾ ਮਨ ਮਦਕਾ॥ ਉਹਨਾਂ ਦੇ ਮਨ ਨੂੰ ਮੋਹ ਵਿਆਪ ਗਿਆ। |
| ੩॥੧੩॥੪੨ | ਪਯਾਲਿ ਪੂਰਿ ਰਹ੍ਯਾ | ਪਇਆਲਿ- ਪੂਰਿ ਰਹਿਆ | ਪਾਤਾਲ ਵਿੱਚ ਵੀ ਹੈਂ | ਤੂੰ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ॥ ਤੂੰ ਜਲ ਵਿੱਚ, ਧਰਤੀ ਉਤੇ ਆਕਾਸ਼ ਵਿੱਚ ਅਤੇ ਪਾਤਾਲ ਵਿੱਚ ਹਰ ਇਕ ਜਗ੍ਹਾ 'ਤੇ ਹੈਂ। |

## ਪੰਨਾ ੧੪੦੪ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧ | ਧਰਿ ਧ੍ਯਾਨੁ | ਧਰਿ ਧਿਆਨ | ਨਿਰੰਤਰ ਧਿਆਨ ਕਰਦੇ ਹਨ | |
| ੬ | ਬਿਦ੍ਮਾਨ | ਬਿਦਿਅਮਾਨ | ਮੌਜੂਦਗੀ | ਬਿਦ੍ਮਾਨ ਗੁਰਿ ਆਪਿ |
| ੬ | ਥਪ੍ਉ | ਥਪਿਅਉ | ਥਾਪ ਦਿੱਤਾ | ਥਪ੍ਉ ਥਿਰੁ, ਸਾਚਉ ਤਖਤੁ ਗੁਰੂ ਰਾਮਦਾਸੈ॥ ਗੁਰੂ (ਅਮਰਦਾਸ) ਜੀ ਨੇ ਆਪਣੇ ਹੁੰਦਿਆਂ (ਮੌਜੂਦਗੀ ਵਿੱਚ ਗੁਰੂ ਰਾਮ ਦਾਸ ਜੀ ਨੂੰ) ਸੱਚਾ ਤੱਖਤ ਸੌਂਪ ਕੇ ਗੁਰੂ ਥਾਪ ਦਿੱਤਾ। |
| ੭ | ਤਾਰ੍ਉ ਸੰਸਾਰੁ | ਤਾਰਿਅਉ ਸੰਸਾਰ | ਸੰਸਾਰ ਤਾਰਿਆ | ਤਾਰ੍ਉ ਸੰਸਾਰੁ ਮਾਯਾ ਮਦ ਮੋਹਿਤ, ਅੰਮ੍ਰਿਤ ਨਾਮ ਦੀਅਉ ਸਮਰਥੁ॥ |
| ੭ | ਮਾਯਾ ਮਦ | ਮਾਇਆ ਮਦ | ਸੰਸਾਰਕ ਮਾਇਆ ਦਾ ਨਸ਼ਾ | (ਗੁਰੂ ਰਾਮ ਦਾਸ ਜੀ ਨੇ) ਮਾਇਆ ਦੇ ਨਸ਼ੇ ਵਿੱਚ ਮੋਹੇ ਹੋਏ ਸੰਸਾਰ ਨੂੰ ਤਾਰਿਆ ਹੈ। ਆਪ ਨੇ ਸਮਰਥਾ ਵਾਲਾ ਅੰਮ੍ਰਿਤ-ਨਾਮ ਬਖ਼ਸ਼ਿਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੪੦੫ ਸ਼ੁਰੂ** | | |
| ੧ | ਆਪ ਹੀ ਉਪਾਯਉ | ਆਪ ਹੀ ਉਪਾਇਅਉ | ਆਪਣੇ ਆਪ ਤੋਂ ਹੀ ਪੈਦਾ ਕੀਤਾ ਹੋਇਆ ਹੈਂ | ਆਪੁਨ ਆਪੁ ਆਪ ਹੀ ਉਪਾਯਉ ॥ |
| ੧ | ਅੰਤੁ ਨਹੀ ਪਾਯਉ | ਅੰਤੁ ਨਹੀ ਪਾਇਅਉ | ਕੋਈ ਉਸ ਦਾ ਅੰਤ ਨਹੀਂ ਪਾ ਸਕਦਾ | |
| ੧ | ਧ੍ਯਾਇਯਉਂ | ਧਿਆਇਅਉ | ਧਿਆਉਂਦੇ ਹਨ | ਸਾਰੇ ਜੀ ਉਸ (ਪ੍ਰਭੂ) ਦੀ ਅਰਾਧਨਾ ਕਰਦੇ ਹਨ। |
| ੧ | ਜਯੋ ਜਯ | ਜਇਓ ਜਹਿ | ਜੈ ਜੈਕਾਰ | ਜਗਤ ਵਿੱਚ ਗੁਰੂ ਜੀ ਦਾ ਜੈ ਜੈਕਾਰ ਹੋ ਗਿਆ। |
| ੧ | ਪਾਇਯਉ | ਪਾਇਅਉ | ਪਾ ਲਿਆ ਹੈ | ਤੈਂ ਹਰਿ ਪਰਮ ਪਦੁ ਪਾਇਯਉ ॥<br>ਤੈਂ (ਗੁਰੂ ਰਾਮਦਾਸ ਜੀ ਨੇ) ਹਰੀ ਅਤੇ ਉਸ ਦੀ ਪਰਮ-ਪਦਵੀ ਪਾ ਲਈ ਹੈ। |
| ੨ | ਅਗਮ ਗ੍ਯਾਨਿ | ਅਗਮ ਗਿਆਨ | ਵਾਹਿਗੁਰੂ ਦੇ ਅਗਮੀ ਗਿਆਨ | ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥<br>ਅਗਮੀ ਗਿਆਨ ਦੀ |
| ੨ | ਰਸਿ ਰਸ੍ਯਉ | ਰਸਿ ਰਸਿਅਉ | ਹਿਰਦਾ ਅੰਮ੍ਰਿਤ-ਰਸ ਭਰਪੂਰ | ਬਰਕਤਿ ਨਾਲ ਆਪ ਦਾ ਹਿਰਦਾ ਪ੍ਰੇਮ ਰਸ ਭਰਪੂਰ ਹੋ ਗਿਆ। |
| ੩ | ਜਯਦੇਵ | ਜੈ ਦੇਵ | ਭਗਤ ਦਾ ਨਾਮ ਹੈ | |
| ੩ | ਭਯਉ | ਭਇਅਉ | ਹੋਇਆ ਹੈ | ਤਿਨ ਕੌ ਅਵਤਾਰੁ, ਭਯਉ ਕਲਿ ਭਿੰਤਰਿ,<br>ਕਲਯੁੱਗ ਵਿੱਚ ਅਵਤਾਰ ਹੋਇਆ ਹੈ। |
| ੩ | ਛਾਇਯਉ | ਛਾਇਅਉ | ਪਸਰ ਗਿਆ ਹੈ | ਤੇਰਾ ਜੱਸ ਸਾਰੇ ਜਗਤ ਉੱਤੇ ਪਸਰ ਗਿਆ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੪ | ਮਿਟਯਉ | ਮਿਟਿਅਉ | ਖ਼ਤਮ ਹੋ ਗਿਆ ਹੈ | (ਗੁਰੂ ਮੇਹਰ ਨਾਲ) ਦੁੱਖ ਦਰਿਦਰ ਖਿੰਨ ਵਿੱਚ ਮਿੱਟ ਗਏ ਹਨ। |
| ੪ | ਬਲ੍ ਭਟ | ਬਲਿਅ ਭਟ | ਭੱਟ ਦਾ ਨਾਮ ਹੈ | |
| ੪ | ਗਾਇਯਉ | ਗਾਇਅਉ | ਗਾਇਆ ਹੈ | ਜਿਸ ਜਿਸ ਨੇ ਵੀ ਗੁਰੂ ਜੱਸ ਗਾਇਆ ਹੈ। |
| ੧ | ਅੰਧ੍ਯਾਰ ਕੋ ਨਾਸੁ | ਅੰਧਿਆਰ ਕੋ ਨਾਸੁ | ਅਗਿਆਨਤਾ ਦਾ ਹਨੇਰਾ | ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ॥<br>ਦੁੱਖ ਕੰਗਾਲੀ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ। |

## ਪੰਨਾ ੧੪੦੬ ਸ਼ੁਰੂ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨ | ਪਦਾਰਥੁ ਪਾਯਉ | ਪਦਾਰਥ ਪਾਇਅਉ | ਨਾਮ ਪਾਇਉ | (ਗੁਰੂ ਰਾਮਦਾਸ) ਨੇ ਸੇਵਾ ਕਰਕੇ ਨਾਮ ਪਦਾਰਥ ਪਾ ਲਿਆ ਹੈ। |
| ੨ | ਉਪਜੵੋ | ਉਪਜਿਓ ਦੇਖੋ ਪੰਨਾ ੫੨੯ | ਉਪਜਿਆ ਹੈ | ਗੁਰੂ ਦਾ ਨਾਮ ਜਪਕੇ, ਗਿਆਨ ਦਾ ਚਾਨਣ ਹੋ ਗਿਆ ਹੈ। |
| ੩ | ਜਾਨੵਉ | ਜਾਨਿਅਉ | ਜਾਣ ਲਿਆ | ਗੁਰੂ ਨਾਨਕ ਨੇ ਮਾਇਆ ਤੋਂ ਨਿਰਲੇਪ ਵਾਹਿਗੁਰੂ ਦਾ ਨਾਮ ਜਾਣਿਆ ਹੈ। |
| ੩ | ਭਯੋ | ਭਇਓ | ਹੋ ਗਿਆ | (ਸ੍ਰੀ ਗੁਰੂ ਨਾਨਕ ਜੀ) ਤੋਂ ਅੰਗ ਸੰਗ ਵਸਣ ਕਰਕੇ (ਗੁਰੂ) ਅੰਗਦ ਸੁਭਰ-ਸਾਗਰ ਹੋ ਗਿਆ। |
| ੧ | ਪਛਾੜੵਉ | ਪਛਾੜਿਅਉ | ਪਟਕਾ ਮਾਰਿਆ | ਕਾਮ ਕਰੋਧ ਨੂੰ ਪਕੜ ਕੇ ਪਟਕਾ ਮਾਰਿਆ ਹੈ। |
| ੧ | ਝਾੜੵਉ | ਝਾੜਿਅਉ | ਮਗਰੋਂ ਲਾਹ ਦਿੱਤਾ | ਲੋਭੁ ਅਪਮਾਨ ਸਿਉ ਝਾੜੵਉ॥<br>ਲੋਭ ਨੂੰ ਅਪਮਾਨਿਤ ਕਰਕੇ ਮਗਰੋਂ ਲਾਹ ਦਿੱਤਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨॥੯੦ | ਸਲੵ | ਸਲਿਅ | ਭੱਟ ਦਾ ਨਾਮ ਹੈ | |

## ਪੰਨਾ ੧੪੦੭ ਸ਼ੁਰੂ

## ਸਵੱਈਏ ਮਹਲੇ ਪੰਜਵੇਂ ਕੇ ੫

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧ | ਕਲੵ | ਕਲਿਅ | ਕਲ ਭੱਟ ਦਾ ਨਾਮ ਹੈ | |
| ੧ | ਉਪਾਯਉ | ਉਪਾਇਅਉ | ਪੈਦਾ ਕੀਤੇ | (ਪ੍ਰਭੂ ਭਗਤੀ) ਨੂੰ ਧਾਰਨ ਕਰਕੇ (ਗੁਰੂ ਅਰਜਨ ਦੇਵ ਜੀ ਦੇ ਰੂਪ ਵਿੱਚ) ਕਰਤਾ ਪੁਰਖ ਨੇ ਪੈਦਾ ਕੀਤਾ ਹੈ। |
| ੧ | ਬਸਾਯਉ | ਬਸਾਇਅਉ | ਵਧਾਇਆ ਹੈ | ਗੁਰੂ ਅਰਜਨ ਦੇਵ ਜੀ ਨੇ ਗੁਰੂ ਸ਼ਬਦ ਦੇ ਪ੍ਰਕਾਸ਼ ਨੂੰ ਸਦਾ ਲਈ ਆਪਣੇ ਹਿਰਦੇ ਤੇ ਵਸਾਇਆ ਹੋਇਆ ਹੈ। |
| ੧ | ਉਤਮ ਪਦੁ ਪਾਯਉ | ਉਤਮ ਪਦੁ- ਪਾਇਅਉ | ਉੱਤਮ ਪਦਵੀ ਪਾ ਲਈ ਹੈ | ਗੁਰੂ ਨਾਨਕ ਅੰਗਦ ਅਮਰ ਲਾਗਿ, ਉੱਤਮ ਪਦੁ ਪਾਯਉ ॥ |
| ੧ | ਆਯਉ | ਆਇਅਉ | ਆਇਆ ਹੈ | ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ, ਭਗਤ ਉਤਰਿ ਆਯਉ। ਗੁਰੂ ਰਾਮਦਾਸ ਜੀ ਦੇ ਘਰ, ਗੁਰੂ ਅਰਜਨ ਦੇਵ ਜੀ ਅਵਤਾਰ ਧਾਰ ਕੇ ਉਤਰ ਆਇਆ ਹੈ। |
| ੨ | ਬਸਾਯਉ | ਬਸਾਇਅਉ | ਹਿਰਦੇ ਵਿੱਚ ਵਸਾਇਆ ਹੈ | ਬਡਭਾਗੀ ਉਨ ਮਾਨਿਅਉ, ਰਿਦਿ ਸਬਦੁ ਬਸਾਯਉ ॥ |
| ੨ | ਦ੍ਰਿੜਾਯਉ | ਦ੍ਰਿੜਾਇਅਉ | ਨਾਮ ਪੱਕਾ ਕਰਾਇਆ | ਗੁਰਿ ਨਾਮੁ ਦ੍ਰਿੜਾਯਉ ॥ ਗੁਰ ਮੰਤ੍ਰ ਪੱਕਾ ਕਰਵਾਇਆ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨ | ਦਰਸਾਯਉ | ਦਰਸਾਇਅਉ | ਵਿਖਾ ਦਿੱਤਾ | ਅਗਮੁ ਅਗੋਚਰੁ ਪਾਰਬ੍ਰਹਮੁ, ਸਤਿਗੁਰਿ ਦਰਸਾਯਉ ॥ ਸ੍ਰੀ ਗੁਰੂ ਰਾਮਦਾਸ ਜੀ ਨੇ (ਗੁਰੂ ਅਰਜਨ ਦੇਵ ਜੀ ਨੂੰ) ਵਾਹਿਗੁਰੂ (ਅੰਤਰ-ਆਤਮੇ) ਵਿਖਾ ਦਿੱਤਾ। |
| ੨ | ਠਹਰਾਯਉ | ਠਹਰਾਇਉ | ਇਸਥਿਤ ਕੀਤਾ | ਨਾਮੁ ਨੂੰ ਆਪਣੇ ਹਿਰਦੇ ਵਿੱਚ ਇਸਥਿਤ ਕੀਤਾ ਹੋਇਆ ਹੈ। |
| ੪ | ਸਮਾਚਰ੍ਹਿਓ | ਸਮਾਚਰਿਅਉ | ਇਕ ਰਸ ਵਿਚਰ ਰਿਹਾ ਹੈ | ਖੇਲੁ ਗੂੜ੍ਹਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰ੍ਹਿਓ ॥ ਪ੍ਰਭੂ ਆਪ ਨਿਰਮਲ ਬੁੱਧੀ ਵਾਲੇ ਸਤਿਗੁਰੂ (ਗੁਰੂ ਅਰਜਨ ਦੇਵ ਜੀ) ਵਿੱਚ ਆ ਸਮਾਇਆ ਹੈ। |
| ੪ | ਵਰ੍ਹਉ | ਵਰਿਅਉ | ਵਰਦਾਨ | ਗੁਰਿ ਨਾਨਕਿ ਅੰਗਦੁ ਵਰ੍ਹਉ, ਗੁਰੂ ਨਾਨਕ (ਦੇਵ ਜੀ) ਨੇ, ਗੁਰੂ ਅੰਗਦ (ਦੇਵ ਜੀ) ਨੂੰ (ਗੁਰਿਆਈ) ਦਾ ਵਰਦਾਨ ਦਿੱਤਾ। |
| ੫ | ਭਯ ਭੰਜਨੁ | ਭਇ ਭੰਜਨ-ਭੈ ਦੇਖੋ ਪੰਨਾ ੧੪੭ | ਡਰ ਭੈ ਦੂਰ ਕਰਨ ਵਾਲਾ | |
| ੬ | ਪਾਯਉ-ਪਾਯੋ | ਪਾਇਅਉ ਦੇਖੋ ਪੰਨਾ ੧੩੯੭ | ਪਾ ਲਿਆ ਹੈ | ਵੱਡੇ ਭਾਗਾਂ ਨਾਲ ਪੂਰਾ ਗੁਰੂ ਪਾ ਲਿਆ ਹੈ। |
| ੬ | ਕਲ੍ਯਸਹਾਰੁ | ਕਲਿਅ ਸਹਾਰ | ਭੱਟ ਦਾ ਨਾਮ ਹੈ | |
| ੭ | ਕਲ੍ਯ ਚਰੈ | ਕਲਿਅ ਉਚਰੈ | ਕਲਿਅ ਕਵੀ ਕਹਿੰਦਾ ਹੈ | |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | **ਪੰਨਾ ੧੪੦੮ ਸ਼ੁਰੂ** | | |
| ੮ | ਲਖਾਯਉ | ਲਖਾਇਅਉ | ਜਾਣੂ ਕਰਵਾ ਦਿੱਤਾ ਹੈ | **ਭੈ ਨਿਰਭਉ ਮਾਣਿਅਉ, ਲਾਖ ਮਹਿ ਅਲਖੁ ਲਖਾਯਉ ॥** (ਹੇ ਗੁਰੂ ਅਰਜਨ ਦੇਵ ਜੀ) ਆਪ ਜੀ ਨੇ ਨਿਰਭੈ ਵਾਹਿਗੁਰੂ ਨੂੰ ਮਾਣਿਆ ਹੈ, ਲੱਖਾਂ ਵਿੱਚ ਅਲੱਖ ਵਾਹਿ- ਗੁਰੂ, ਸਿੱਖਾਂ ਨੂੰ ਜਾਣੂ ਕਰਵਾ ਦਿੱਤਾ ਹੈ। |
| ੮ | ਪਰਚਾਯਉ | ਪਰਚਾਇਅਉ | ਪਰੀਚੇ ਕਰਾ ਦਿੱਤਾ ਹੈ | ਵਾਕਫ਼ੀਅਤ ਕਰਾ ਦਿੱਤੀ ਹੈ। |
| ੮ | ਜੋਗੁ ਕਮਾਯਉ | ਜੋਗੁ ਕਮਾਇਅਉ | ਜੋਗ ਕਮਾਇਆ ਹੈ | **ਰਾਜ ਮਹਿ ਜੋਗੁ ਕਮਾਯਉ ॥** (ਗੁਰੂ ਅਰਜਨ ਦੇਵ ਜੀ ਨੇ) ਰਾਜ ਵਿੱਚ ਜੋਗ ਕਮਾਇਆ ਹੈ। |
| ੮ | ਸੁਭਰ ਭਰਾਯਉ | ਸੁਭਰ ਭਰਾਇਅਉ | ਨਕੋ ਨੱਕ ਭਰ ਦਿੱਤੇ | **ਅਭਰ ਸਰ ਸੁਭਰ ਭਰਾਯਉ ॥** ਹਿਰਦਾ, ਨਾਮ ਜਲ ਨਾਲ ਨੱਕੋ ਨੱਕ ਭਰ ਦਿੱਤਾ ਹੈ। |
| ੮ | ਸਮਾਇਯਉ | ਸਮਾਇਅਉ ਦੇਖੋ ਪੰਨਾ ੧੪੦੭ | ਸਮਾਇਆ ਹੋਇਆ ਹੈ | |
| ੮ | ਪਾਇਯਉ | ਪਾਇਅਉ | ਪ੍ਰਾਪਤ ਕਰ ਲਿਆ ਹੈ | **ਤੈਂ ਸਹਜਿ ਜੋਗੁ ਨਿਜੁ ਪਇਯਉ ॥** |
| ੯ | ਨਿਵਾਰ੍ਯਉ | ਨਿਵਾਰਿਅਉ | ਨਵਿਰਤ | (ਹਉਮੈ) ਦੂਰ ਕਰ ਦਿੱਤੀ। |
| ੯ | ਸਹਾਰ੍ਯਉ | ਸਹਾਰਿਅਉ | ਜਰਿਆ ਹੈ- ਸਹਾਰਿਆ ਹੈ | **ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ॥** |
| ੯ | ਜਗ ਉਧਰ੍ਯਉ | ਜਗ ਉਧਰਿਅਉ | ਪਾਰ ਹੋ ਗਿਆ ਹੈ | ਨਾਮ ਨਾਲ ਜੁੜ ਕੇ (ਭਵ ਸਾਗਰ ਤੋਂ) ਪਾਰ ਹੋ ਗਿਆ ਹੈ। |

## ਸੋਰਠੇ

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੧ | ਕਹਾਯਉ | ਕਹਾਇਅਉ | ਅਖਵਾਇਆ ਹੈ | ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ |
| ੧ | ਮਿਲਾਯਉ | ਮਿਲਾਇਅਉ | ਮਿਲਾ ਦਿੱਤਾ ਹੈ | ਤਾਂ ਤੇ ਅੰਗਦੁ ਭਯਉ, ਤਤ ਸਿਉਂ ਤਤੁ |
| ੧ | ਭਯਉ | ਭਇਅਉ | ਹੋ ਗਿਆ | ਮਿਲਾਯਉ॥ (ਗੁਰੂ ਨਾਨਕ ਜੀ ਨੇ) ਆਪਣੀ ਜੋਤਿ ਗੁਰੂ ਅੰਗਦ ਵਿੱਚ ਧਰ ਦਿੱਤੀ। |
| ੧ | ਬਯਣ | ਬਇਣ-ਬੈਣ | ਬਚਨ-ਬੋਲ | |
| ੧ | ਨਯਣ | ਨਇਣ-ਨੈਣ | ਅੱਖਾਂ | |
| ੨ | ਲਿਖ੍ਯਉ | ਲਿਖਿਅਉ | ਲਿਖਿਆ ਹੋਇਆ | ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੱਥੇ ਤੇ ਐਸੇ ਲੇਖ ਲਿਖੇ |
| ੨ | ਛਾਯਉ | ਛਾਇਅਉ | ਪਸਰਿਆ ਪਿਆ ਹੈ | ਹਨ, ਜਿਸ ਨਾਲ ਉਨ੍ਹਾਂ ਦਾ ਜੱਸ ਸਾਰੇ ਜਗਤ ਵਿੱਚ ਪਸਰਿਆ ਹੋਇਆ ਹੈ। |
| ੨ | ਕਹਾਯਉ | ਕਹਾਇਅਉ | ਅਖਵਾਇਆ ਹੈ | ਉਨ੍ਹਾਂ ਨੂੰ ਸਾਰਿਆਂ ਨੇ ਗੁਰੂ ਮੰਨ ਲਿਆ ਹੈ। ਭਾਵ ਉਨ੍ਹਾਂ ਨੇ ਸ੍ਰੀ ਗੁਰੂ ਰਾਮ ਦਾਸ ਜੀ ਕੋਲੋਂ ਵੀ ਗੁਰੂ ਅਖਵਾ ਲਿਆ ਹੈ। (ਇਹ ਭੱਟ ਸਿਫ਼ਤ ਕਰਦੇ ਹਨ।) |
| ੩ | ਰਯਨਿ | ਰਇਨਿ-ਰੈਨ ਦੇਖੋ ਪੰਨਾ ੧੭੭ | ਰਾਤ | |
| ੩ | ਰੰਗ੍ਯੌ | ਰੰਗਿਔ | ਰੰਗਿਆ ਗਿਆ | (ਗੁਰੂ ਅਰਜਨ ਜੀ) ਪਰਮੇਸ਼ਰ ਦੇ ਪ੍ਰੇਮ ਵਿੱਚ |
| ੩ | ਪ੍ਰੇਮੁ ਲਾਗ੍ਯੌ | ਪ੍ਰੇਮੁ ਲਾਗਇਓ | ਪ੍ਰੇਮ ਲੱਗ ਗਿਆ ਹੈ | ਰੰਗਿਆ ਹੋਇਆ ਹੈ। ਪ੍ਰਭੂ ਨਾਲ ਹਰ ਵਕਤ, ਗੁਰੂ ਭਗਤੀ ਵਿੱਚ ਲੱਗਿਆ ਰਹਿੰਦਾ ਹੈ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| | | ਪੰਨਾ ੧੪੦੯ ਸ਼ੁਰੂ | | |
| ੪ | ਛਾਡ੍ਯਉ | ਛਾਡਿਅਉ | ਛੌਡਿਆ | ਹਰਿ ਜਾਪੁ ਨ ਛਾਡ੍ਯਉ ਏਕ ਘਰੀ॥ |
| ੪ | ਦਯਾਲੁ | ਦਇਆਲੁ | ਦਿਆਲੂ | ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਮਥਰਾ ਭੱਟ ਕਹਿੰਦਾ ਹੈ, ਮੇਰਾ ਗੁਰੂ (ਅਰਜਨ ਦੇਵ ਜੀ) ਬੜਾ ਦੀਨ ਦਿਆਲੂ ਹੈ। |
| ੬ | ਧਾਯਉ | ਧਾਇਅਉ | ਦੌੜ ਭੱਜ | ਭੱਟ ਕਹਿੰਦਾ ਹੈ, ਜ਼ਿੰਨਾ |
| ੬ | ਪਛੁਤਾਯਉ | ਪਛਤਾਇਅਉ | ਪਛਤਾਵਾ | ਚਿਰ ਸਾਡੀ ਕਿਸਮਤ ਨਹੀਂ |
| ੬ | ਬਨਾਯਉ | ਬਨਾਇਅਉ | ਬਣਾ ਲਿਆ | ਜਾਗੀ, ਅਸੀਂ ਇੱਧਰ ਉੱਧਰ ਭਟਕਦੇ ਰਹੇ। ਹੁਣ ਸਾਨੂੰ ਗੁਰੂ (ਅਰਜਨ ਦੇਵ ਜੀ) ਮਿਲ ਗਏ ਹਨ। ਹੁਣ ਬੀਤੇ ਸਮੇਂ ਦਾ ਬਹੁਤ ਪਛਤਾਵਾ ਹੈ। ਹੁਣ ਅਸੀਂ ਗੁਰੂ ਅਰਜਨ ਜੀ ਨੂੰ ਗੁਰੂ ਬਣਾ ਲਿਆ ਹੈ। |
| ੬ | ਜਪ੍ਯਉ | ਜਪਿਅਉ | ਜਪਿਆ ਹੈ | ਜਿਨ੍ਹਾਂ ਨੇ (ਗੁਰੂ ਅਰਜਨ |
| ੬ | ਆਯਉ | ਆਇਅਉ ਦੇਖੋ ਪੰਨਾ ੧੪੦੯ | ਆਇਆ ਹੈ | ਦੇਵ ਜੀ ਨੂੰ ਗੋਬਿੰਦ ਰੂਪ ਜਾਣ ਕੇ ਜਪਿਆ ਹੈ। ਉਹ ਫ਼ਿਰ ਗਰਭ ਜੂਨ ਵਿੱਚ |
| ੭ | ਭਯਉ | ਭਇਅਉ | ਹੋ ਗਿਆ | ਨਹੀਂ ਆਏ। ਉਹ ਗੁਰੂ ਰੂਪ ਹੀ ਹੋ ਗਏ। |
| ੭ | ਪਰਤਖ੍ਯ ਹਰਿ | ਪਰਤਖਿਅ ਹਰਿ | ਪ੍ਰਤੱਖ ਹਰੀ | ਸ੍ਰੀ ਗੁਰੂ ਅਰਜਨ ਪ੍ਰਤੱਖ ਹਰੀ ਰੂਪ ਹਨ। |
| ੧ | ਗਯਉ | ਗਇਅਉ | ਚਲਾ ਗਿਆ ਹੈ | ਸ੍ਰੀ ਗੁਰੂ ਰਾਮ ਦਾਸ ਜੀ ਪਰਮਾਤਮਾ ਪਾਸ ਪਹੁੰਚ |
| ੧ | ਸੰਚਰ੍ਯਉ | ਸੰਚਰਿਅਉ | ਜੱਸ ਖਿਲਰਿਆ | ਗਏ ਹਨ। ਪ੍ਰਭੂ ਜੋਤਿ ਵਿੱਚ |
| ੧ | ਮੁਯਉ | ਮੁਇਅਉ | ਮਰ ਗਿਆ | ਲੀਨ ਹੋ ਗਏ ਹਨ। ਭਾਵ ਪਰਲੋਕ ਸਿਧਾਰ ਗਏ ਹਨ। |

| ਅੰਕ | ਗੁਰਬਾਣੀ | ਉਚਾਰਨ | ਅਰਥ | ਤੁਕ ਜਾਂ ਤੁਕ ਦੇ ਭਾਵ ਅਰਥ |
|---|---|---|---|---|
| ੨ | ਭਾਯਉ | ਭਾਇਅਉ | ਚੰਗਾ ਲੱਗਿਆ | ਦੇਵ ਲੋਕ ਵਿੱਚ ਜਦੋਂ ਗਏ, ਪ੍ਰਭੂ ਨੂੰ ਬਹੁਤ ਚੰਗਾ ਲੱਗਿਆ। |
| ੨ | ਬੈਠਾਯਉ | ਬੈਠਾਇਅਉ | ਕੋਲ ਬਿਠਾ ਲਿਆ | ਪ੍ਰਭੂ ਨੇ ਆਪਣੇ ਕੋਲ ਸਿੰਘਾਸਣ 'ਤੇ ਬਿਠਾ ਲਿਆ। |
| ੨ | ਜਯ ਜਯ | ਜਇ ਜਇ | ਜੈ ਜੈਕਾਰ ਹੋਈ | ਸ੍ਰੀ ਗੁਰੂ ਰਾਮਦਾਸ ਜੀ ਦੀ, ਦੇਵ ਲੋਕ ਵਿੱਚ ਬੜੀ ਜੈ-ਜੈਕਾਰ ਹੋਈ। |
| ੨ | ਜਿਨ ਪਾਇਯਉ | ਜਿਨ ਪਾਇਅਉ | ਜਿਨ੍ਹਾਂ ਨੇ ਪਾ ਲਿਆ | ਜਿਨ੍ਹਾਂ ਨੇ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਗੁਰੂ ਧਾਰਿਆ ਸੀ, ਉਨ੍ਹਾਂ ਦੇ ਸਾਰੇ ਪਾਪ ਕੱਟੇ ਗਏ ਹਨ। ਦੇਵ ਲੋਕ ਜਾਣ ਤੋਂ ਪਹਿਲਾਂ ਇਸ ਜਗਤ ਦਾ ਸਿੰਘਾਸਣ, ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ ਹਨ। ਹੁਣ ਆਪ ਜੀ ਦਾ (ਗੁਰੂ ਅਰਜਨ ਦੇਵ ਜੀ) ਜਸ ਸਾਰੇ ਹੋ ਰਿਹਾ ਹੈ। |

# ਜ਼ਰੂਰੀ ਬੇਨਤੀ

ਇੱਥੇ ਤੱਕ ਹੀ ਔਖੇ ਅੱਖਰ ਸਨ। ਹੋ ਸਕਦਾ ਹੈ ਇਸ ਵਿੱਚ ਜਾਣੇ ਅਣਜਾਣੇ ਲਗਾਂ ਮਾਤ੍ਰਾਂ ਜਾਂ ਉਚਾਰਨ ਵਿੱਚ ਕੋਈ ਗ਼ਲਤੀਆਂ ਰਹਿ ਗਈਆਂ ਹੋਣ, ਤਾਂ ਦਾਸ ਖ਼ਿਮਾ ਦਾ ਜਾਚਿਕ ਹੈ। ਕ੍ਰਿਪਾ ਕਰਕੇ ਦੱਸਣ ਦੀ ਖੇਚਲ ਕਰਨੀ, ਤਾਂ ਜੋ ਅਗਲੇ ਐਡੀਸ਼ਨ ਵਿੱਚ ਸੁਧਾਈ ਕੀਤੀ ਜਾ ਸਕੇ। ਫ਼ਿਰ ਦੁਬਾਰਾ ਬੇਨਤੀ ਹੈ ਕਿ ਸ਼ੁੱਧ ਉਚਾਰਨ ਦਾ ਮਸਲਾ ਬੜਾ ਔਖਾ ਹੈ। ਹੋਰ ਗੂੜ੍ਹੀ ਜਾਣਕਾਰੀ ਖ਼ਾਤਰ ਤੁਸੀਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹੋ।

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ = ਪ੍ਰੋ: ਸਾਹਿਬ ਸਿੰਘ ਜੀ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ = ਗਿਆਨੀ ਹਰਬੰਸ ਸਿੰਘ ਜੀ।
4. ਅਲੱਗ-ਅਲੱਗ ਬਾਣੀਆਂ ਦੇ ਸਟੀਕ = ਸ੍ਰ: ਜੁਗਿੰਦਰ ਸਿੰਘ ਜੀ ਤਲਵਾੜਾ।
5. ਮਹਾਂਨ ਕੋਸ਼ = ਕਾਨ੍ਹ ਸਿੰਘ ਜੀ ਨਾਭਾ।
6. ਗੁਰਬਾਣੀ ਵਿਆਕਰਣ ਦੀਆਂ ਕਈ ਕਿਤਾਬਾਂ ਹਨ।

ਅੰਗਰੇਜ਼ੀ ਵਿੱਚ ਵੀ ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਛਪ ਚੁੱਕੇ ਹਨ।

ਜਿਵੇਂ :—Dr. Manmohan Singh, Dr. Darshan Singh, Dr. Gopal Singh ਜੀ ਵੱਲੋਂ ਲਿਖੇ ਸਟੀਕ ਹਨ।

—ਜਸਵੰਤ ਸਿੰਘ ਗਰੇਵਾਲ
55 DESNA PL.
WINNIPEG—MB
R3C-2E8
CANADA